**KING 73 RENO LTD.**
FREE ESTIMATES 22 ਸਾਲ ਦਾ ਤਰਜਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
*ਫਰੇਮਿੰਗ *ਡਰਾਈਵਾਲ *ਪੇਂਟਿੰਗ *ਟਾਈਲਾਂ *ਸਨਡੈੱਕ ਦੀ ਰਿਪੇਅਰ *ਲੈਮੀਨੇਟ *ਵਾਸ਼ਰੂਮ *ਕਿਚਨ
*ਐਕਸਟਰਾ ਰੂਮ ਐਡੀਸ਼ਨ *ਇਲੈਕਟ੍ਰੀਕਲ *ਪਲੰਬਿੰਗ *ਰੂਫਿੰਗ ਦਾ ਕੰਮ
www.king73reno.com GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

**Sidhu Homeopathic Clinic**

Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)



# ਪੰਜਾਬ ਐਬਟਸਫੋਰਡ ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 29, Issue No. 46, Ending Date:Nov 18, 2022



**WALIA FOREX LTD**
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing

Satnam Saroya
Mortgage Specialist
604.760.9172
# 384-8148 128 St, Surrey
(Payal Buss. Centre)


# ਕੈਨੇਡਾ ਦੇ ਸਿੱਖਾਂ ਵੱਲੋਂ "ਖਾਲਿਸਤਾਨ ਰੈਫਰੈਂਡਮ" ਦੀਆਂ ਦੂਜੀ ਵਾਰ ਪਈਆਂ ਵੋਟਾਂ ਨੇ ਫਿਰ ਰਿਕਾਰਡ ਕਾਇਮ ਕੀਤਾ:ਹਰਦੀਪ ਸਿੰਘ ਨਿੱਝਰ

ਟਰਾਂਟੋ:ਸਿੱਖਸ ਫਾਰ ਜਸਟਿਸ ਦੇ ਕਾਫ਼ਲੇ ਵੱਲੋਂ "ਖਾਲਿਸਤਾਨ ਰਿਫਰੈਂਡਮ" ਲਈ ਕੀਤੀ ਗਈ ਅਤੇ ਕੀਤੀ ਜਾ ਰਹੀ ਅਣਥੱਕ ਸਖ਼ਤ ਮਿਹਨਤ ਨੇ ਹੁਣ ਇਕ ਲਹਿਰ ਦਾ ਰੂਪ ਧਾਰਨ ਕਰ ਲਿਆਵਗਿਆ ਹੈ।ਹੁਣ ਇਹ ਲਹਿਰ ਨਾ ਰੁਕਣ, ਨਾ ਝੁਕਣ ਤੇ ਨਾ ਵਿਕਣ ਵਾਲੀ ਹੈ, ਭਾਰਤੀ ਹਿੰਦੂਤਵੀ ਹਕੂਮਤ ਅਤੇ ਏਜੰਸੀਆ ਦੀ ਹੁਣ ਨੀਂਦ ਹਰਾਮ ਹੋ ਚੁੱਕੀ ਹੈ। ਜਿਸ ਕਰਕੇ ਭਾਰਤ ਦੀ ਹਿੰਦੂਤਵੀ ਹਕੂਮਤ ਅਤੇ ਏਜੰਸੀਆਂ "ਸਿੱਖਸ ਫਾਰ ਜਸਟਿਸ" ਵਲੋਂ ਕੌਮੀ ਘਰ ਖ਼ਾਲਸਾ ਰਾਜ ਖ਼ਾਲਿਸਤਾਨ ਲਈ "ਖਾਲਿਸਤਾਨ ਰੈਫਰੈਂਡਮ" ਰਾਹੀ ਸ਼ਾਂਤਮਈ ਅਤੇ ਇੰਟਰਨੈਸ਼ਨਲ ਕਾਨੂੰਨ ਦੇ ਮੁਤਾਬਕ ਸ਼ੁਰੂ ਕੀਤੇ ਗਏ ਇਸ ਸੰਘਰਸ਼ ਨੂੰ ਦਬੋਚਣ ਲਈ ਅਸਫ਼ਲ ਕੋਸ਼ਿਸ਼ ਕਰ ਰਹੀਆਂ ਹਨ,ਅਤੇ ਆਏ ਦਿਨ "ਖਾਲਿਸਤਾਨ ਰੈਫਰੈਂਡਮ" ਲਈ ਪ੍ਰਚਾਰ ਕਰਨ ਵਾਲੇ ਸਰਗਰਮ ਆਗੂਆਂ ਤੇ ਝੂਠੇ ਅਤੇ ਬੇਬੁਨਿਆਦ ਕੇਸ ਪਾ ਕੇ ਜਿੱਥੇ ਕਰੜੀ ਨਜ਼ਰ ਰੱਖੀ ਜਾ ਰਹੀ ਹੈ ਉਥੇ ਲੋਕਾਂ ਵਿਚ ਵੀ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ੀ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਬਨਾਉਣ ਲਈ ਆਪਣੇ ਕਰਿੰਦਿਆਂ ਰਾਹੀਂ ਧਮਕਾਇਆ ਜਾ ਰਿਹਾ ਹੈ। ਪਰ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਚ ਵੱਸਦੇ ਸਿੱਖਾਂ ਨੇ ਭਾਰਤੀ ਹਕੂਮਤ ਅਤੇ ਏਜੰਸੀਆਂ ਵਲੋਂ ਦਿੱਤੀਆਂ ਜਾ ਰਹੀਆਂ ਗਿੱਦੜ ਧਮਕੀਆਂ ਅਤੇ ਡਰਾਵਿਆਂ ਨੂੰ ਸਿੱਖਾਂ ਨੇ ਕੂੜੇ ਦੇ ਢੇਰ ਤੋਂ ਵੱਧ ਕੁੱਝ ਨਹੀਂ ਸਮਝਿਆ।ਭਾਰਤੀ ਹਿੰਦੂਤਵੀ ਹਕੂਮਤ ਵੱਲੋਂ ਸਿੱਖਾਂ ਨਾਲ ਕੀਤੀਆਂ ਜਾ ਰਹੀਆਂ ਪੈਰ ਪੈਰ ਤੇ ਵਧੀਕੀਆਂ, ਧੱਕੇਸ਼ਾਹੀਆਂ, ਬੇਇਨਸਾਫ਼ੀਆਂ, ਧੋਖੇ ਅਤੇ ਦਗੇਬਾਜ਼ੀਆਂ ਕਾਰਨ ਸਿੱਖਾਂ ਦੇ ਮਨਾਂ ਵਿੱਚ ਭਾਰੀ ਨਫਰਤ, ਗੁੱਸਾ ਅਤੇ ਰੋਸ ਪਾਇਆ ਜਾ ਰਿਹਾ ਹੈ।ਗੁਰੂ ਨਾਨਕ ਨਾਮ ਲੇਵਾ ਅਣਖ ਅਤੇ ਗ਼ੈਰਤਮੰਦ ਸਿੱਖਾਂ ਨੇ ਪ੍ਰਣ ਕਰ ਲਿਆ ਹੈ ਕਿ ਸਿੱਖ ਆਪਣਾ ਸਰਬੱਤ ਦੇ ਭਲੇ ਵਾਲਾ ਰਾਜ ਭਾਗ ਖ਼ਾਲਸਾ ਰਾਜ ਖ਼ਾਲਿਸਤਾਨ ਬਣਾ ਕੇ ਹੀ ਰਹਿਣਗੇ ਇਸ ਨੂੰ ਹਿੰਦੂਤਵੀ ਹਕੂਮਤ ਕਿਸੇ ਵੀ ਕੀਮਤ ਤੇ ਰੋਕ ਨਹੀਂ ਸਕਦੀ।

## ਆਨੰਦ ਮੈਰਿਜ ਐਕਟ ਨੂੰ ਕੀਤਾ ਜਾਵੇਗਾ ਲਾਗੂ:ਭਗਵੰਤ ਮਾਨ

(ਬਾਕੀ ਸਫਾ ਬੀ8 ਤੇ)


**BASANT SWEETS & RESTAURANT**
TAKE OUT-DINE IN & CATERING
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ, ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
ਫੋਨ:604-595-3535
ਬਲਰਾਮ ਬੱਲੀ:604-862-1733
#402-8148 128 St. Surrey (Payal Business Cenre)

**BM Elite Renovations Ltd.**
ਅਸੀਂ ਹਰ ਤਰਾਂ ਦੀ ਰੈਨੋਵੇਸ਼ਨ ਕਰਦੇ ਹਾਂ
- ਹਾਰਡਵੁੱਡ
- ਲੈਮੀਨੇਟ
- ਟਾਈਲਾਂ
- ਪੇਂਟਿੰਗ
- ਕਿਚਨ ਕੈਬਿਨੇਟਸ
- ਫ੍ਰੇਮਿੰਗ
- ਸਟੋਨ ਵਰਕ
- ਡਰਾਈਵਾਲ ਫਿਨਿਸ਼ਿੰਗ

ਨਵੀਂ ਬੇਸਮੈਂਟ ਅਤੇ ਬਾਥਰੂਮ ਐਕਸਟੈਂਸ਼ਨ
Call at 604-791-3933
BMeliterenovation@outlook.com

**Super Visa Insurance**
ਤੁਹਾਡੇ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
- ਮਨੀ-ਬੈਕ ਟਰਮ ਇੰਸ਼ੋਰੈਂਸ
- ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
- ਪਰੇਵਿੰਸ ਤੋਂ ਬਾਹਰ ਕਵਰੇਜ
- ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ
ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ICBC Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

**Colorful Painting Ltd**
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

**TRANSWORLD TRAVEL**
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

**A-CLASS FOREIGN EXCHANGE**
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਫੋਨ ਮਿਲਾਓ
604-825-2222

**Universal Auto Collision Ltd.**
- ICBC Claims
- Private Claims
- Free Courtesy Cars
- Auto Glass Replacement
- Free Estimates
- ਆਈ. ਸੀ. ਬੀ. ਕਲੇਮਜ਼
- ਪ੍ਰਾਈਵੇਟ ਕਲੇਮਜ਼
- ਫਰੀ ਕਰਟਸੀ ਕਾਰ
- ਆਟੋ ਗਲਾਸ ਰਿਪਲੇਸਮੈਂਟ
- ਫਰੀ ਐਸਟੀਮੇਟ

Ph. 604-596-2800
Fax: 604-596-3800
Satisfaction Guarantee
#1, 7680-134th Street, Surrey, BC V3W 7T8

**ਗੁਰੂ ਨਾਨਕ ਜ਼ਿਊਲਰਜ਼ ਲਿ:**
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent **SIDHU TRAVEL LTD.**
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ 'ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
Email : sidhutravel13@gmail.com
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500
604-592-2676
Unit 109, 12830-80 Ave York Centre Surrey

**ਵਰਕਰਾਂ ਦੀ ਲੋੜ**
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ। ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

**ਮੌਰਟਗੇਜ ਦੇ ਮਾਹਿਰ**
MORTGAGE ALLIANCE
Avineet Kalsey
Mortgage Consultant
604.763.3000
- ਘਰਾਂ ਦੀ ਮੌਰਟਗੇਜ
- ਸੈਕਿੰਡ ਮੌਰਟਗੇਜ
- ਕੌਂਸਟ੍ਰਕਸ਼ਨ
- ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN MORTGAGE BROKERS
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

BEST DEAL TRAVEL INC
WE'LL SHOW YOU THE WORLD
LICENSE # BCCP 79578
SPECIAL FARE TO INDIA
**BEST DEAL TRAVEL INC.**
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

**HARVY JAWANDA**
PERSONAL REAL ESTATE CORPORATION
604.655.7776
RE/MAX
YOUR SURREY REALTOR®
YOURSURREYREALTOR.COM

FARM AND SPICE

Open 7 Days a Week
8.30 am to 9.00 pm

# SPECIAL OFFERS : 11 - 17 Nov

Daily Specials on

ਐਂਬ੍ਰੋਸੀਆ ਸੇਬ
**Ambrosia BC Apple**
$1.29 /lb

ਫੂਜੀ ਸੇਬ
**Fuji BC Apple**
$1.29 /lb

ਸੰਤਰਾ ਵਡਾ
**Orange Large**
$1.49 /lb

ਸੰਤਰਾ ਨਿੱਕਾ
**Orange Small**
$1.49 /lb

ਨਿੰਬੂ
**Lemons**
99¢ 3 pc

ਪੀਅਰਜ਼
**Pears**
$1.49 /lb

ਅੱਦਰਕ
**Ginger**
$1.99 /lb

ਹਰੇ/ਲਾਲ ਅੰਗੂਰ
**Green/Red Grapes**
$2.49 /lb

ਅਨਾਰ
**Pomegranate**
$2.49 each

ਜੰਬੋ ਬੈਂਗਣ
**Eggplant Jumbo**
$1.99 each

ਘੀਆ
**Oppo Long**
$1.99 /lb

ਨਿੱਕਾ ਤਰਬੂਜ
**Watermelon Mini**
$2.99 each

ਅਮਰੂਦ
**Guava**
$3.99 /lb

ਲਸਣ
**Garlic**
1kg Pack
1kg $3.99 each

ਏ-ਪਲਸ ਸੋਯਾ
**Nutrela**
Soya Chunks
Mini Chunks
200g $1.99 each

ਏ-ਪਲਸ ਸੋਯਾ
**Aplus**
Soya Chunks/
Mini Chunks
200g $1.99 each

ਬਦਾਮ
**Almonds**
Supreme Quality
$4.49 /lb

ਦੇਸੀ ਨਮਕ
**Desi**
Pink Salt
1kg $2.99 each

ਸ਼ਾਨ ਮਿਕਸ ਅਚਾਰ
**Shan Pickles**
Mango/Chilli/Mixed Pickle
Lemon/Hyderabidi Mix
1kg $3.99 each

ਬੀ ਸੀ ਮਿਕਸ ਨਮਕੀਨ
**BC Asst. Snacks**
320g $2.99 each

ਬਿਕਾਨੋ ਰੱਸ
**Bikano**
Suji Rusk
560g $4.99 each

ਬ੍ਰਿਟੈਨੀਆ ਰੱਸ
**Britannia**
Milk Rusk
560g $4.99 each

ਟਾਟਾ ਚਾਹ
**Tata**
Tea Premium
220 bags $8.99 each

ਸ਼ੇਰ ਚਾਵਲ
**Sher**
Select Basmati Rice
10kg $10.99 each

ਏ+ਪਲਸ ਤੇਲ
**A+Plus**
Mustard Oil
2ltr $10.99 each

ਏ+ਪਲਸ ਤੇਲ
**A+Plus**
Mustard Oil
5ltr $25.99 each

**PUNJABI FLAVOURED KULFI ALSO AVAILABLE**

**# 09-10 12830 96 Ave. Surrey BC | Tel: 604 930 7742**
**# 103-104 14320 64 Ave. Surrey BC | Tel: 604 593 6323**

*while supply last

**Curbside pick up available**

# ਗਰਮ ਗੱਲਾਂ ਕਰਨ ਵਾਲਿਆਂ ਨਾਲ ਵੀ ਕਾਨੂੰਨ ਬਰਾਬਰ ਦਾ ਸਲੂਕ ਕਰੇ ਨਾਕਿ ਹਿੰਦੂ ਸਿੱਖ ਵਿਚ ਵੰਡ ਕੇ

ਕਾਨੂੰਨ ਹਰ ਇਕ ਵਾਸਤੇ ਬਰਾਬਰ ਕਿਉਂ ਨਹੀਂ? ਅੱਜ ਸੱਭ ਤੋਂ ਜ਼ਿਆਦਾ ਜਵਾਬਦੇਹੀ ਸਾਡੇ ਸਿਸਟਮ ਦੀ ਬਣਦੀ ਹੈ ਜਿਸ ਨੂੰ ਕਚਹਿਰੀ ਵਿਚ ਖੜਾ ਕਰਨਾ ਚਾਹੀਦਾ ਹੈ। ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਸਾਰੇ ਪੰਜਾਬ ਵਿਚ ਇਕ ਤਰ੍ਹਾਂ ਦਾ ਡਰ ਦਾ ਮਾਹੌਲ ਬਣ ਗਿਆ ਹੈ ਤੇ ਹਰ ਚਰਚਾ ਵਿਚ ਇਹ ਸਵਾਲ ਜ਼ਰੂਰ ਉਠ ਪੈਂਦਾ ਹੈ ਕਿ ਹੁਣ ਕਾਲੇ ਦਿਨ ਫਿਰ ਤੋਂ ਵਾਪਸ ਤਾਂ ਨਹੀਂ ਆ ਜਾਣਗੇ? ਕੀ ਹੁਣ ਫਿਰ ਸਾਡੇ ਬੱਚੇ ਮਾਰੇ ਜਾਣਗੇ? ਸੁਧੀਰ ਸੂਰੀ ਦੇ ਪੁੱਤਰ ਨੇ ਵੀ ਅਪਣੇ ਪਿਤਾ ਵਾਂਗ ਹੀ ਸਿੱਖਾਂ ਪ੍ਰਤੀ ਨਫ਼ਰਤ ਭਰੀ ਸ਼ਬਦਾਵਲੀ ਵਰਤੀ ਅਤੇ ਜਿਨ੍ਹਾਂ ਦਿਨਾਂ ਵਿਚ 1984 ਦੇ ਘਲੂਘਾਰਿਆਂ ਦੀ ਯਾਦ ਵਿਚ ਵੈਸੇ ਹੀ ਸਿੱਖ ਕੌਮ ਜਦ ਦੁਖ ਦੇ ਸਾਗਰ ਵਿਚ ਡੁੱਬੀ ਹੋਈ ਸੀ, ਉਸ ਸਮੇਂ ਅਜਿਹੀ ਸ਼ਬਦਾਵਲੀ ਹੋਰ ਵੀ ਵੱਡੀ ਕਾਟ ਕਰਦੀ ਹੈ। ਸੁਧੀਰ ਸੂਰੀ ਦੇ ਪੁੱਤਰ ਦੇ ਮੂੰਹੋਂ ਇਹ ਸੁਣਨਾ ਕਿ ਸਿੱਖਾਂ ਨੂੰ ਘਰੋਂ ਕੱਢ ਕੇ ਮਾਰਾਂਗੇ, ਓਨਾ ਹੀ ਮਾੜਾ ਸੀ ਜਿੰਨਾ ਸੁਧੀਰ ਸੂਰੀ ਦਾ ਇਹ ਆਖਣਾ ਕਿ ਦੋ ਫ਼ੀ ਸਦੀ ਸਿੱਖਾਂ ਨੂੰ ਖ਼ਤਮ ਕਰ ਦੇਵਾਂਗਾ। ਪਰ ਜਿਵੇਂ ਦਿਨ ਢਲਦਾ ਗਿਆ, ਇਹ ਵੀ ਸਾਫ਼ ਹੁੰਦਾ ਗਿਆ ਕਿ ਸੁਧੀਰ ਸੂਰੀ ਦਾ ਸਾਥ ਦੇਣ ਵਾਲੇ, ਪੰਜਾਬ ਦੇ ਕੇਵਲ ਮੁੱਠੀ ਭਰ ਲੋਕ ਹੀ ਸਨ। ਸ਼ਾਂਤੀ ਬਣਾਈ ਰੱਖਣ ਵਾਸਤੇ ਮਾਹੌਲ ਨੂੰ ਸੰਭਾਲਿਆ ਤਾਂ ਗਿਆ ਪਰ ਕਿਸ ਬਿਨਾਅ ਤੇ ਇਹ ਧੜਾ ਅਪਣੇ ਵਾਸਤੇ ਸ਼ਹੀਦ ਦਾ ਦਰਜਾ ਮੰਗ ਰਿਹਾ ਸੀ, ਇਹ ਗੱਲ ਕਿਸੇ ਨੂੰ ਹੁਣ ਤਕ ਵੀ ਸਮਝ ਨਹੀਂ ਆਈ।

ਸੰਦੀਪ ਸਿੰਘ ਨੇ ਇਹ ਗੋਲੀ ਕਿਉਂ ਚਲਾਈ ਤੇ ਉਸ ਦੇ ਇਸ ਕਦਮ ਪਿਛੇ ਕਾਰਨ ਕੀ ਸੀ? ਕੀ ਇਹ ਇਕ ਖ਼ਾਸ ਮੌਕੇ ਤੇ ਹੋਏ ਗਾਲੀ ਗਲੋਚ ਦੌਰਾਨ ਗੁੱਸੇ ਵਿਚ ਲਿਆ ਗਿਆ ਫ਼ੈਸਲਾ ਸੀ ਜਾਂ ਇਕ ਸਾਜ਼ਸ਼ ਸੀ ਜਿਸ ਬਾਰੇ ਅਫ਼ਵਾਹਾਂ ਤਾਂ ਬੜੀਆਂ ਹਨ ਪਰ ਅਜੇ ਜਾਂਚ ਤੋਂ ਕੋਈ ਠੋਸ ਗੱਲ ਨਿਕਲ ਕੇ ਬਾਹਰ ਨਹੀਂ ਆਈ।

ਪਰ ਵੱਡੀ ਗੱਲ ਸਿਰਫ਼ ਇਸ ਕਤਲ ਦੀ ਨਹੀਂ ਸਗੋਂ ਇਹ ਹੈ ਕਿ ਜਿਸ ਪੰਜਾਬ ਨੂੰ ਹੁਣੇ ਹੁਣੇ ਹੀ ਖ਼ੂਨੀ ਦੌਰ ਵਿਚੋਂ ਨਿਕਲ ਕੇ ਸ਼ਾਂਤੀ ਮਸਾਂ ਹੀ ਨਸੀਬ ਹੋਈ ਹੈ, ਉਸ ਪੰਜਾਬ ਵਿਚ ਨਫ਼ਰਤ ਨੂੰ ਵਾਰ ਵਾਰ ਫੈਲਣ ਦਾ ਮੌਕਾ ਕਿਉਂ ਦਿਤਾ ਜਾਂਦਾ ਹੈ? ਪੰਜਾਬ ਦੇ ਲਵਪ੍ਰੀਤ ਸਿੰਘ ਨੂੰ ਐਨ. ਆਈ.ਏ. ਵਲੋਂ ਦੀਵਾਰ ਤੇ ਖ਼ਾਲਿਸਤਾਨ ਦੇ ਹੱਕ ਵਿਚ ਲਿਖਣ ਬਦਲੇ ਸੱਦਿਆ ਗਿਆ ਜਿਥੇ ਉਸ ਨੇ ਕਥਿਤ ਤੌਰ 'ਤੇ ਖ਼ੁਦਕੁਸ਼ੀ ਕਰ ਲਈ। ਇਕ ਹੋਰ ਨੌਜਵਾਨ ਨੂੰ ਖ਼ਾਲਿਸਤਾਨ ਦੀ ਟੀ.ਸ਼ਰਟ ਪਾਉਣ ਬਦਲੇ ਯੂ.ਏ.ਪੀ.ਏ. ਹੇਠ ਕੈਦ ਕਰ ਲਿਆ ਗਿਆ ਸੀ। ਜੱਗੀ ਜੌਹਲ ਨੂੰ ਕਿਸੇ ਖ਼ਾਲਿਸਤਾਨੀ ਹਿਤੈਸ਼ੀ ਨਾਲ ਗੱਲ ਕਰਨ ਬਦਲੇ, ਦੋ ਕਾਗ਼ਜ਼ ਰੱਖਣ ਕਾਰਨ ਜਾਂ ਕਿਸੇ ਸਮਾਨ ਵਿਚ ਸ਼ਾਮਲ ਹੋਣ ਕਾਰਨ ਯੂ.ਏ.ਪੀ.ਏ. ਲਗਾ ਕੇ ਜੇਲਾਂ ਵਿਚ ਡਕਿਆ ਹੋਇਆ ਹੈ ਪਰ ਫਿਰ ਸੁਧੀਰ ਸੂਰੀ ਤੇ ਹੋਰਨਾਂ ਨੂੰ ਪੂਰੀ ਆਜ਼ਾਦੀ ਕਿਉਂ ਦਿਤੀ ਜਾਂਦੀ ਰਹੀ ਹੈ?

ਕਾਨੂੰਨ ਹਰ ਇਕ ਵਾਸਤੇ ਬਰਾਬਰ ਕਿਉਂ ਨਹੀਂ? ਅੱਜ ਸੱਭ ਤੋਂ ਜ਼ਿਆਦਾ ਜਵਾਬਦੇਹੀ ਸਾਡੇ ਸਿਸਟਮ ਦੀ ਬਣਦੀ ਹੈ ਜਿਸ ਨੂੰ ਕਚਹਿਰੀ ਵਿਚ ਖੜਾ ਕਰਨਾ ਚਾਹੀਦਾ ਹੈ। ਜੇ ਲਵਪ੍ਰੀਤ ਸਿੰਘ ਨੂੰ ਇਕ ਦੀਵਾਰ ਤੇ ਖ਼ਾਲਿਸਤਾਨ ਬਾਰੇ ਲਿਖਣ ਤੇ ਯੂ.ਏ.ਪੀ.ਏ. ਤਹਿਤ ਐਨ. ਆਈ.ਏ. ਸੱਦ ਸਕਦੀ ਹੈ ਤਾਂ ਸਿੱਖਾਂ ਨੂੰ ਖ਼ਤਮ ਕਰਨ ਦੀ ਗੱਲ ਕਰਨ ਵਾਲੇ ਨੂੰ 16 ਪੁਲਿਸ ਅਫ਼ਸਰਾਂ ਦੀ ਸੁਰੱਖਿਆ ਕਿਉਂ?

ਇਹ ਤਾਂ ਪੰਜਾਬ ਦੇ ਲੋਕ ਸਿਆਣੇ ਹਨ ਕਿ ਉਨ੍ਹਾਂ ਕਿਸੇ ਪਾਸੇ ਤੋਂ ਅਸ਼ਾਂਤੀ ਤੇ ਨਫ਼ਰਤ ਨੂੰ ਪਨਪਣ ਨਹੀਂ ਦਿਤਾ ਪਰ ਨਫ਼ਰਤ ਦੇ ਵਣਜਾਰਿਆਂ ਵਲੋਂ ਕਸਰ ਵੀ ਕੋਈ ਨਹੀਂ ਛੱਡੀ ਜਾਂਦੀ। ਪੰਜਾਬ ਦੇ ਕੁੱਝ ਜ਼ਖ਼ਮ ਅਜਿਹੇ ਨੇ ਜਿਨ੍ਹਾਂ ਨੂੰ ਭਰਨ ਦਾ ਯਤਨ ਵੀ ਕੋਈ ਨਹੀਂ ਕਰਦਾ ਤਾਕਿ ਜਦ ਲੋੜ ਪਵੇ ਇਨ੍ਹਾਂ ਨੂੰ ਕੁਰੇਦ ਕੇ ਪੰਜਾਬ ਨੂੰ ਮੁੜ ਤੋਂ ਤੜਫ਼ਾਇਆ ਜਾ ਸਕੇ।

**-ਨਿਮਰਤ ਕੌਰ**


Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"

Phone: 604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4

Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases

Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।

Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

www.accuraterailing.com
AccurateRailing
& AWNING LTD

* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com

Best Rates
ਵਿਆਹ ਦੇ ਕਾਰਡ

Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਸਰੀ ਦੀ ਮੇਅਰ ਬਰੈਂਡਾ ਲੌਕ ਤੇ ਨਵੇਂ ਚੁਣੇ ਕੌਂਸਲਰਾਂ ਨੇ ਹਲਫ ਲਿਆ

## ਮੇਅਰ ਵੱਲੋਂ ਪਹਿਲੇ ਭਾਸ਼ਨ ਵਿਚ ਸਰੀ ਵਿਚ ਆਰ ਸੀ ਐਮ ਪੀ ਨੂੰ ਰੱਖਣ ਦਾ ਐਲਾਨ:ਸਰੀ ਪੁਲਿਸ ਨੇ ਪਰੇਡ ਵਿਚ ਹਿੱਸਾ ਨਾ ਲਿਆ

ਸਰੀ -ਬੀਤੀ ਰਾਤ ਸਰੀ ਦੀ ਨਵੀਂ ਚੁਣੀ ਗਈ ਮੇਅਰ ਬਰੈਂਡਾ ਲੌਕ ਤੇ ਨਵੇਂ ਚੁਣੇ ਕੌਂਸਲਰ ਹੈਰੀ ਬੈਂਸ, ਕੌਂਸਲਰ ਲਿੰਡਾ ਐਨਿਸ, ਮਾਈਕ ਬੋਸ, ਡੱਗ ਐਲਫੋਰਡ, ਗੋਰਡਨ ਹੈਪਨਰ, ਪਰਦੀਪ ਕੌਰ ਕੂਨਰ, ਮਨਦੀਪ ਨਾਗਰਾ ਅਤੇ ਰੌਬ ਸਟੱਟ ਨੂੰ ਸਿਟੀ ਹਾਲ ਵਿੱਚ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਜਸਟਿਸ ਵਲੀ ਚੇਤਿਆਰ ਵਲੋਂ ਸਹੁੰ ਚੁਕਾਈ ਗਈ।

ਲਗਪਗ ਇਕ ਘੰਟਾ-ਲੰਬਾ ਚੱਲੇ ਸਮਾਗਮ ਦੌਰਾਨ ਨਵੀਂ ਕੌਂਸਲ ਲਈ ਅਗਲੇ ਚਾਰ ਸਾਲਾਂ ਦੀ ਸ਼ੁਰੂਆਤ ਇੱਕ ਆਨਰ ਗਾਰਡ ਅਤੇ ਬੈਗਪਾਈਪਰ ਨਾਲ ਕੀਤੀ ਗਈ, ਜਿਸ ਤੋਂ ਬਾਅਦ ਕੌਂਸਲ ਦੇ ਮੈਂਬਰਾਂ ਨੇ ਆਪਣੇ ਅਹੁਦੇ ਦੀ ਸਹੁੰ ਚੁੱਕੀ। ਸਰੀ ਦੀ ਮੇਅਰ ਵਜੋ ਸਹੁੰ ਚੁੱਕੇ ਜਾਣ ਉਪਰੰਤ ਆਪਣੇ ਪਹਿਲੇ ਭਾਸ਼ਨ ਵਿਚ ਮੇਅਰ ਬਰੈਂਡਾ ਲੌਕ ਨੇ ਸ਼ਹਿਰ ਦੇ ਲੋਕਾਂ ਦੀ ਸੁਰੱਖਿਆ ਲਈ ਆਰ ਸੀ ਐਮ ਪੀ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ ਦਾ ਐਲਾਨ ਕਰਦਿਆਂ ਕਿਹਾ ਕਿ ਉਸਦਾ ਸਰੀ ਦੇ ਲੋਕਾਂ ਨਾਲ ਵਾਅਦਾ ਹੈ ਕਿ ਅਗਲੇ ਚਾਰ ਸਾਲਾਂ ਲਈ ਤੁਹਾਡੇ ਕੋਲ ਇੱਕ ਅਜਿਹੀ ਕੌਂਸਲ ਹੋਵੇਗੀ ਜੋ ਤੁਹਾਡੀ ਗੱਲ ਸੁਣੇਗੀ, ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦਾ ਸਨਮਾਨ ਕਰੇਗੀ ਅਤੇ ਸਭ ਤੋਂ ਮਹੱਤਵਪੂਰਨ, ਤੁਹਾਡੇ ਲਈ ਹਰ ਕਦਮ 'ਤੇ ਕੰਮ ਕਰੇਗੀ, ਜਿਸਦਾ ਲੋਕਾਂ ਨੇ ਭਰਪੂਰ ਤਾੜੀਆਂ ਨਾਲ ਸਵਾਗਤ ਕੀਤਾ।

ਉਸਨੇ ਕਿਹਾ ਕਿ ਉਹ ਇਸ ਬਿਲਕੁਲ ਅਦਭੁਤ ਸ਼ਹਿਰ ਦੇ ਮੇਅਰ ਵਜੋਂ ਚੁਣੇ ਜਾਣ 'ਤੇ ਖੁਦ ਨੂੰ ਸਨਮਾਨਿਤ ਅਤੇ ਨਿਮਰ ਮਹਿਸੂਸ ਕਰਦੀ ਹੈ।

ਉਸਨੇ ਕਿਹਾ ਕਿ ਸਰੀ ਨਿਵਾਸੀ ਇੱਕ ਸਿਟੀ ਕੌਂਸਲ 'ਤੇ ਭਰੋਸਾ ਕਰ ਸਕਦੇ ਹਨ ਜੋ ਪਾਰਦਰਸ਼ੀ, ਜਵਾਬਦੇਹ ਹੋਵੇਗੀ।"ਇਸ ਲਈ ਉਹਨਾਂ ਐਥਿਕਸ ਕਮਿਸ਼ਨਰ ਦੀ ਵਾਪਸੀ ਦਾ ਵੀ ਐਲਾਨ ਕੀਤਾ।

ਲੌਕ ਨੇ ਕਿਹਾ ਕਿ "ਸਰੀ ਵਿੱਚ ਪੁਲਿਸਿੰਗ ਦੀ ਅਨਿਸ਼ਚਿਤਤਾ ਖਤਮ ਹੋਵੇਗੀ । ਸਰੀ ਦੀ ਸੁਰੱਖਿਆ ਤੇ ਅਧਿਕਾਰ ਖੇਤਰ ਆਰ ਸੀ ਐਮ ਪੀ ਕੋਲ ਹੈ ਤੇ ਇਹ ਰਹੇਗਾ। ਉਹਨਾਂ ਕਿਹਾ ਕਿ ਇਸ ਸਬੰਧਾ ਕਾਰਵਾਈ ਪੂਰੀ ਕਰਕੇ ਰਿਪੋਰਟ ਸੌਲੀਸਿਟਰ ਜਨਰਲ ਮਾਈਕ ਫਾਰਨਵਰਥ ਨੂੰ ਸਮੀਖਿਆ ਲਈ ਭੇਜੀ ਜਾਵੇਗੀ। ਅਸਲ ਕਮਿਊਨਿਟੀ ਰਾਇ ਵਾਸਤੇ ਇੱਕ ਪੁਲਿਸ ਬੋਰਡ ਅਤੇ ਇੱਕ ਜਨਤਕ ਸੁਰੱਖਿਆ ਬੋਰਡ ਸਥਾਪਤ ਕੀਤਾ ਜਾਵੇਗਾ।

ਲੌਕ ਨੇ ਕਿਹਾ ਕਿ ਉਹ ਚਾਹੁੰਦੀ ਹੈ ਕਿ "ਸਰੀ ਪੁਲਿਸ ਸੇਵਾ ਦੇ ਲੋਕ ਇਹ ਜਾਣ ਲੈਣ ਕਿ ਇਹ ਰਿਪੋਰਟ ਲੋਕ-ਕੇਂਦ੍ਰਿਤ ਹੋਵੇਗੀ। ਉਹਨਾਂ ਹੋਰ ਕਿਹਾ ਕਿ ਸਰੀ ਪੁਲਿਸ ਅਫਸਰਾਂ ਅਤੇ ਸਿਵਲ ਸਟਾਫ ਦੀ ਦੇਖਭਾਲ ਵੀ ਕੀਤੀ ਜਾਵੇਗੀ। ਇਹ ਕਿਸੇ ਤੋਂ ਛੁਪਿਆ ਨਹੀਂ ਹੈ ਕਿ ਸਰੀ ਨੂੰ ਹੋਰ ਪੁਲਿਸ ਅਧਿਕਾਰੀਆਂ ਦੀ ਸਖ਼ਤ ਲੋੜ

ਹੈ ਅਤੇ ਇਹ ਕਮੀ ਹੁਣ ਸਰੀ ਪੁਲਿਸ ਤੋਂ ਸ਼ੁਰੂ ਕਰਕੇ ਪੂਰੀ ਕੀਤੀ ਜਾਵੇਗੀ।

ਇਸ ਮੌਕੇ ਪਰੇਡ ਦੀ ਅਗਵਾਈ ਬੈਗਪਾਈਪਰ ਵੇਸ ਈਟਨ, ਸਰੀ ਦੇ ਇੱਕ ਸੇਵਾਮੁਕਤ ਫਾਇਰ ਫਾਈਟਰ ਦੁਆਰਾ ਕੀਤੀ ਗਈ, ਜਿਸ ਦੇ ਨਾਲ ਲਾਲ ਵਰਦੀ ਵਿੱਚ ਆਰਸੀਐਮਪੀ, ਸਰੀ ਫਾਇਰ ਫਾਈਟਰਜ਼ ਆਨਰ ਗਾਰਡ, ਅਤੇ ਸਰੀ ਬਾਈ ਲਾਅਜ਼ ਅਫਸਰ ਸ਼ਾਮਿਲ ਸਨ। ਸਰੀ ਪੁਲਿਸ ਸਰਵਿਸ ਨੇ ਪਰੇਡ ਵਿੱਚ ਹਿੱਸਾ ਨਹੀਂ ਲਿਆ। ਸੇਮੀਆਹਮੂ ਫਸਟ ਨੇਸ਼ਨ ਦੀ ਜੋਏਨ ਚਾਰਲਸ ਨੇ ਸਵਦੇਸ਼ੀ ਸਵਾਗਤ ਕੀਤਾ ਅਤੇ ਕ੍ਰਿਸ਼ਮ ਦਿਓ ਨੇ ਕੌਮੀ ਤਰਾਨਾ ਓ ਕੈਨੇਡਾ ਗਾਇਆ।

ਇਸ ਮੌਕੇ ਸ਼ਹਿਰ ਦੀਆਂ ਉਘੀਆਂ ਹਸਤੀਆਂ ਅਤੇ ਸਿਟੀ ਕੌਂਸਲ ਵਲੋ ਸੱਦੇ ਗਏ ਮਹਿਮਾਨ ਹਾਜ਼ਰ ਸਨ। ਜਿਹਨਾਂ ਨੇ ਬਾਦ ਵਿਚ ਮੇਅਰ ਅਤੇ ਕੌਂਸਲਰਾਂ ਨਾਲ ਤਸਵੀਰਾਂ ਖਿਚਵਾਈਆਂ।

# ਐਬਟਸਫੋਰਡ 'ਚ ਕੌਂਸਲੇਟ ਜਨਰਲ ਆਫ਼ ਇੰਡੀਆ ਵੱਲੋਂ ਲਾਈਫ ਪੈਨਸ਼ਨ ਸਰਟੀਫਿਕੇਟ ਕੈਂਪ 13 ਨਵੰਬਰ ਨੂੰ

ਐਬਟਸਫੋਰਡ-(ਬਰਾੜ-ਭਗਤਾ ਭਾਈ ਕਾ) ਲਾਈਫ ਪੈਨਸ਼ਨ ਸਰਟੀਫਿਕੇਟ ਦੀ ਜਾਂਚ ਕਰਨ ਲਈ ਭਾਰਤੀ ਕੌਂਸਲੇਟ ਆਫ਼ ਜਨਰਲ ਦੀ ਵਿਸ਼ੇਸ਼ ਟੀਮ 13 ਨਵੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੋਸਾਇਟੀ ਵਿਖੇ ਪਹੁੰਚ ਰਹੀ ਹੈ। ਇਹ ਕੌਂਸਲੇਟ ਟੀਮ ਗੁਰਦੁਆਰਾ ਸਾਹਿਬ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਪੈਨਸ਼ਨ ਸਰਟੀਫਿਕੇਟ ਸੰਬੰਧੀ ਆਪਣਾ ਕੰਮ ਕਰੇਗੀ।

ਹਰ ਮਹਿਕਮੇ ਦੇ ਭਾਰਤੀ ਸੇਵਾ ਮੁਕਤ ਅਧਿਕਾਰੀ ਦੋ ਨਵੇਂ ਲਾਈਫ ਸਰਟੀਫਿਕੇਟ ਫ਼ਾਰਮਾਂ ਦੇ ਨਾਲ ਆਪਣਾ ਪਾਸਪੋਰਟ ਅਤੇ ਉਸ ਦੀਆਂ ਦੋ ਫੋਟੋ ਕਾਪੀਆਂ ਅਤੇ ਆਪਣੇ ਰਿਹਾਇਸ਼ੀ ਪਤੇ ਦੇ ਸਬੂਤ ਨਾਲ ਲੈ ਕੇ ਆਉਣ, ਜਿਵੇਂ ਡ੍ਰਾਈਵਿੰਗ ਲਾਇਸੰਸ ਜਾਂ ਬੀ ਸੀ ਦਾ ਸ਼ਨਾਖ਼ਤ ਪੱਤਰ, ਮੈਡੀਕਲ ਕੇਅਰ ਕਾਰਡ, ਇਨਕਮ ਟੈਕਸ ਦੇ ਪੇਪਰ ਆਦਿ।

ਪੁਰਾਣੇ ਫ਼ਾਰਮਾਂ ਦੀ ਥਾਂ ਨਵੇਂ ਫ਼ਾਰਮ ਗੁਰਦੁਆਰਾ ਸਾਹਿਬ ਦੇ ਦਫ਼ਤਰ 'ਚੋਂ ਮਿਲ ਸਕਦੇ ਹਨ। ਵੀਲ੍ਹ ਚੇਅਰ, ਅਪਾਹਜ ਵਿਅਕਤੀਆਂ ਅਤੇ ਜਿੰਨਾਂ ਦਾ ਜਨਮ 31 ਦਸੰਬਰ 1940 ਤੋਂ ਪਹਿਲਾਂ ਦਾ ਹੈ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।

ਹੋਰ ਵਧੇਰੇ ਜਾਣਕਾਰੀ ਲਈ ਉਪ ਪ੍ਰਧਾਨ ਭਜਨ ਸਿੰਘ ਤੂਰ ਨਾਲ 604-832-7777 ਜਾਂ ਗੁਰੂ ਘਰ ਦੇ ਦਫ਼ਤਰੀ ਫ਼ੋਨ ਨੰਬਰ 604-850-7338 'ਤੇ ਸੰਪਰਕ ਕੀਤਾ ਜਾ ਸਕਦਾ ਹੈ।


BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration
New Location: 346 8140 128th St (Payal Bus. Centre) Surrey BC Ph: 778-565-5000
Flagship Location: 6612 Main St. Vancouver BC Ph: 604-327-8711
BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh

CANRISE IMMIGRATION
www.canriseimmigration.com
778-565-1717
SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਉ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE IMMIGRATION & SETTLEMENT
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream.....Our Passion
For all your Immigration Related Needs:
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਅਲਬਰਟਾ ਸਰਕਾਰ 'ਚ ਪੰਜਾਬਣ ਬਣੀ ਇੰਮੀਗ੍ਰੇਸ਼ਨ ਮੰਤਰੀ

ਐਡਮਿੰਟਨ(ਦਰਸ਼ਨ ਸਿੰਘ ਜਟਾਣਾ)-ਅਲਬਰਟਾ 'ਚ ਨਵੀਂ ਬਣੀ ਸਰਕਾਰ ਵਿਚ ਪੰਜਾਬੀ ਕੁੜੀ ਰਾਜਨ ਸਾਹਨੀ ਨੂੰ ਇੰਮੀਗ੍ਰੇਸ਼ਨ ਤੇ ਮਲਟੀਕਲਚਰਿਜ਼ਮ ਦਾ ਮੰਤਰੀ ਬਣਾਉਣ ਨਾਲ ਪੰਜਾਬੀ ਲੋਕਾਂ 'ਚ ਕਾਫ਼ੀ ਖੁਸ਼ੀ ਪਾਈ ਜਾ ਰਹੀ ਹੈ। ਬੀਬੀ ਰਾਜਨ ਸਾਹਨੀ ਜਲੰਧਰ ਜ਼ਿਲ੍ਹੇ ਦੇ ਵਡਾਲਾ ਪਿੰਡ ਜੋ ਕਿ ਸਵਰਗੀ ਸ. ਹਰਕ੍ਰਿਸ਼ਨ ਸਿੰਘ ਸਰਜੀਤ ਦੇ ਪਿੰਡ ਦੀ ਜੰਮਪਲ ਹੈ ਤੇ ਉਹ ਆਪਣੇ ਮਾਤਾ-ਪਿਤਾ ਨਾਲ ਕਾਫ਼ੀ ਸਮੇਂ ਤੋਂ ਕੈਨੇਡਾ ਦੇ ਅਲਬਰਟਾ 'ਚ ਰਹਿ ਕੇ ਸਿਆਸਤ ਨਾਲ ਜੁੜੇ ਹੋਏ ਹਨ। ਜ਼ਿਕਰਯੋਗ ਹੈ ਕਿ ਇਹ ਅਲਬਰਟਾ ਦੇ ਮੁੱਖ ਮੰਤਰੀ ਦੀ ਦੌੜ 'ਚ ਵੀ ਸਨ ਪਰ ਇਸ 'ਚ ਉਹ ਕੁਝ ਪਿੱਛੇ ਰਹਿ ਗਏ ਸਨ ਤੇ ਡੈਨੀਅਲ ਸਮਿੱਥ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹੋ ਗਏ ਸਨ । ਇਸ ਸਮੇਂ ਬਲਦੇਵ ਸਿੰਘ ਗਰੇਵਾਲ ਨੇ ਦੱਸਿਆ ਕਿ ਬੀਬੀ ਰਾਜਨ ਸਾਹਨੀ ਕੋਲ ਮਹੱਤਵਪੂਰਨ ਅਹੁਦੇ ਹਨ ਤੇ ਖਾਸਕਾਰ ਇੰਮੀਗ੍ਰੇਸ਼ਨ ਮਹਿਕਮਾ ਹੋਣ ਕਰਕੇ ਆਮ ਲੋਕਾਂ ਨੂੰ ਆਉਂਦੀਆਂ ਦਿਕਤਾਂ ਨੂੰ ਹੁਣ ਇਨ੍ਹਾਂ ਦੇ ਸਹਿਯੋਗ ਨਾਲ ਦੂਰ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਡੈਨੀਅਲ ਸਮਿੱਥ ਨੇ ਦਵਿੰਦਰ ਸਿੰਘ ਤੂਰ ਨੂੰ ਪਾਰਲੀਮੈਂਟ ਸਕੱਤਰ ਦਾ ਅਹੁਦਾ ਦੇ ਕੇ ਪੰਜਾਬੀਆਂ ਨੂੰ ਆਪਣੀ ਸਰਕਾਰ 'ਚ ਬਣਦਾ ਮਾਣ ਸਤਿਕਾਰ ਦਿੱਤਾ ਹੈ। ਪਿਛਲੀ ਸਰਕਾਰ ਜਿਸ ਦੇ ਮੁੱਖ ਮੰਤਰੀ ਜੇ, ਐਂਡ ਸਨਜ਼ ਕੈਨੀ ਤੋਂ ਲਗਾਤਾਰ ਮੰਗ ਕੀਤੀ ਜਾ ਰਹੀ ਸੀ ਕਿ ਉਹ ਆਪਣੇ ਮੰਤਰੀ ਮੰਡਲ 'ਚ ਪੰਜਾਬੀ ਐਮ. ਐਲ. ਏ. ਨੂੰ ਕੋਈ ਯੋਗ ਅਹੁਦਾ ਦੇਣ ਤਾਂ ਜੋ ਪੰਜਾਬੀਆਂ ਨੂੰ ਬਣਦਾ ਮਾਣ ਮਿਲ ਸਕੇ।

# ਪਾਕਿਸਤਾਨੀ ਸਿੱਖ ਗੋਪਾਲ ਸਿੰਘ ਚਾਵਲਾ ਵਿਰੁੱਧ ਕੇਸ ਦਰਜ

ਚੰਡੀਗੜ੍ਹ:ਪਾਕਿਸਤਾਨ ਵਿਚ ਰਹਿੰਦੇ ਸਿਖ ਆਗੂ ਗੋਪਾਲ ਸਿੰਘ ਚਾਵਲਾ ਵਿਰੁੱਧ ਪੰਜਾਬ ਪੁਲਿਸ ਨੇ ਕੇਸ ਦਰਜ ਕੀਤਾ ਹੈ। ਪੁਲਿਸ ਮੁਤਾਬਕ ਚਾਵਲਾ ਵਿਰੁੱਧ ਇਹ ਮਾਮਲਾ ਨਫ਼ਰਤ ਫੈਲਾਉਣ ਵਾਲੇ ਵੀਡੀਓ ਇੰਟਰਨੈੱਟ ਮੀਡੀਆ 'ਤੇ ਅਪਲੋਡ ਕਰਨ ਪਿੱਛੋਂ ਦਰਜ ਕੀਤਾ ਗਿਆ ਹੈ।

ਕਾਬਿਲੇ ਗ਼ੌਰ ਹੈ ਕਿ ਅੰਮ੍ਰਿਤਸਰ ਵਿਚ ਸ਼ਿਵ ਸੈਨਿਕ ਸੁਧੀਰ ਸੂਰੀ ਦੇ ਕਤਲ ਤੋਂ ਬਾਅਦ ਖ਼ਾਲਿਸਤਾਨ ਪੱਖੀ ਲੀਡਰ ਚਾਵਲਾ ਨੇ ਸੋਸ਼ਲ ਮੀਡੀਆ 'ਤੇ ਸੂਰੀ ਦੇ ਮਰਨ ਦੀ ਮੁਬਾਰਕਬਾਦ ਪੇਸ਼ ਕੀਤੀ ਸੀ।

ਪੰਜਾਬ ਪੁਲਿਸ ਅਨੁਸਾਰ ਚਾਵਲਾ, ਗੈਂਗਸਟਰ ਤੋਂ ਖਾੜਕੂ ਬਣੇ ਲਖਬੀਰ ਲੰਡਾ ਹਰੀਕੇ ਦਾ ਖ਼ਾਸ ਸਾਥੀ ਹੈ। ਗੋਪਾਲ ਚਾਵਲੇ ਨੇ ਕਤਲ ਕਰਨ ਵਾਲੇ ਸਿਖ ਦੀ ਤਾਰੀਫ਼ ਵੀ ਕੀਤੀ ਸੀ। ਪੰਜਾਬ ਪੁਲਿਸ ਨੇ ਅਧਿਕਾਰੀਆਂ ਮੁਤਾਬਕ ਕੁਝ ਲੋਕ ਪੰਜਾਬ ਵਿਚ ਮਾਹੌਲ ਖ਼ਰਾਬ ਕਰਨ ਲਈ ਸਰਹੱਦ ਪਾਰ ਕੋਸ਼ਿਸ਼ਾਂ ਕਰ ਰਹੇ ਹਨ।

# ਅੰਗਰੇਜ਼ੀ ਰਾਜ ਖ਼ਿਲਾਫ਼ ਲੜਾਈ 'ਚ ਮੋਹਰੀ ਰਹੇ ਪੰਜਾਬੀ ਤੇ ਬੰਗਾਲੀ:ਮਮਤਾ

ਕੋਲਕਾਤਾ- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਅੰਗਰੇਜ਼ੀ ਰਾਜ ਖ਼ਿਲਾਫ਼ ਲੜਾਈ 'ਚ ਪੰਜਾਬ ਤੇ ਬੰਗਾਲ ਦੇ ਲੋਕਾਂ ਨੇ ਮੋਹਰੀ ਭੂਮਿਕਾ ਨਿਭਾਈ। ਸ਼ਹੀਦ ਮੀਨਾਰ ਗਰਾਊਂਡ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ 'ਚ ਸ਼ਿਰਕਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਤੇ ਬੰਗਾਲੀਆਂ ਦਾ ਆਪਸ 'ਚ ਡੂੰਘਾ ਰਿਸ਼ਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਅੰਡੇਮਾਨ ਸੈਲੂਲਰ ਜੇਲ੍ਹ ਜਾ ਕੇ ਅੰਗਰੇਜ਼ੀ ਰਾਜ ਖ਼ਿਲਾਫ਼ ਲੜਨ ਵਾਲਿਆਂ ਦੀ ਸੂਚੀ ਵੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਅੰਗਰੇਜ਼ੀ ਰਾਜ ਵਿਰੁੱਧ ਲੜਾਈ 'ਚ ਪੰਜਾਬੀ ਤੇ ਬੰਗਾਲੀ ਮੋਹਰੀ ਰਹੇ। ਪੰਜਾਬ 'ਚ ਸਿੱਖ ਧਰਮ ਦੇ ਬਹੁਤ ਸਾਰੇ ਪੈਰੋਕਾਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਤੇ ਪੱਛਮੀ ਬੰਗਾਲ 'ਚ ਬਹੁਤ ਸਾਰੀਆਂ ਚੀਜ਼ਾਂ ਸਾਂਝੀਆਂ ਹਨ ਤੇ ਇਕ ਡੂੰਘਾ ਸਾਂਝਾ ਰਿਸ਼ਤਾ ਹੈ, ਪੰਜਾਬ ਦੇ ਲੋਕ ਦੇਸ਼ ਲਈ ਲੜਦੇ ਤੇ ਕੰਮ ਕਰਦੇ ਹਨ, ਮੈਂ ਪੰਜਾਬ ਰਾਜ ਤੇ ਇਸ ਦੇ ਲੋਕਾਂ ਨੂੰ ਸਲਾਮ ਕਰਦੀ ਹਾਂ।


BRIGHTWAY SERVICES

PH:(604)547-3787

2nd floor (364- 8158 128th st, V3W1R1, Surrey, BC)
next to Royal King Palace

Business Hours:10am to 6pm (Monday to Friday )

We provide following Services

- India visa applications 6months, 1 year, 10 years
- Visitor Visa application to USA, Australia, England (UK), China, Dubai (UAE), Europe Visa
- Old age pension applications / CPP Applications
- OCI Applications
- Indian passport applications
- Name change applications
- PR card renewal application
- Citizenship application
- Canadian passport application

- ਇੰਡੀਅਨ ਵੀਜਾ ਐਪਲੀਕੇਸ਼ਨ 6 ਮਹੀਨੇ, 1 ਸਾਲ, 10 ਸਾਲ
- ਵਿਜਟਰ ਵੀਜਾ ਐਪਲੀਕੇਸ਼ਨ (ਯੂਐਸਏ, ਆਸਟ੍ਰੇਲੀਆ, ਇੰਗਲੈਂਡ (ਯੂ ਕੇ), ਚੀਨ, ਡੁਬਈ (ਯੂ ਏ ਈ), ਯੂਰਪ ਵੀਜਾ
- ਓਲਡ ਏਜ ਪੈਨਸ਼ਨ ਐਪਲੀਕੇਸ਼ਨਜ/ਸੀ ਪੀ ਪੀ ਐਪਲੀਕੇਸ਼ਨਜ
- ਓ ਸੀ ਆਈ ਐਪਲੀਕੇਸ਼ਨਜ
- ਇੰਡੀਅਨ ਪਾਸਪੋਰਟ ਐਪਲੀਕੇਸ਼ਨਜ
- ਨਾਮ ਬਦਲੀ ਐਪਲੀਕੇਸ਼ਨਜ
- ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
- ਸਿਟੀਜਨਸ਼ਿਪ ਐਪਲੀਕੇਸ਼ਨ
- ਕਨੇਡੀਅਨ ਪਾਸਪੋਰਟ ਐਪਲੀਕੇਸ਼ਨ

Same day fast service

Email:brightwayservices70@gmail.com .



AMAYA LIVING

60 LUXURIOUS CONDOS

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

KITCHEN

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM

• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories

WARRANTY • 2-5-10 year

PH:778-885.6700

Add:140 St & 108 Ave, Surrey, BC V3T 4N8

E-mail: info@amayaliving.ca

# ਸਿੱਖ ਨੌਜਵਾਨ ਦਾ ਫ਼ਰਜ਼ੀ ਮੁਕਾਬਲਾ ਕਰਨ ਵਾਲੇ 2 ਸਾਬਕਾ ਪੁਲਿਸ ਵਾਲਿਆਂ ਨੂੰ ਉਮਰ ਕੈਦ

ਸਾਬਕਾ ਪੁਲਿਸ ਅਧਿਕਾਰੀ

ਹਰਬੰਸ ਸਿੰਘ

ਅੰਮ੍ਰਿਤਸਰ:(ਸਰਬਜੀਤ ਸਿੰਘ ਧਾਲੀਵਾਲ) ਮੁਹਾਲੀ ਦੀ ਸੀਬੀਆਈ ਅਦਾਲਤ ਨੇ ਇੱਕ ਫ਼ਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ 'ਚ ਪੰਜਾਬ ਪੁਲਿਸ ਦੇ ਇੱਕ ਤਤਕਾਲੀ ਸਬ-ਇੰਸਪੈਕਟਰ ਅਤੇ ਏਐਸਆਈ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਤੋਂ ਇਲਾਵਾ ਅਦਾਲਤ ਨੇ ਦੋਸ਼ੀਆਂ ਨੂੰ 1-1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਦੋਸ਼ੀ ਕਰਾਰ ਦਿੱਤੇ ਗਏ ਸਾਬਕਾ ਪੁਲਿਸ ਅਧਿਕਾਰੀਆਂ ਦੇ ਨਾਮ ਸ਼ਮਸ਼ੇਰ ਸਿੰਘ (ਤਤਕਾਲੀ ਸਬ ਇੰਸਪੈਕਟਰ) ਅਤੇ ਜਗਤਾਰ ਸਿੰਘ (ਤਤਕਾਲੀ ਏਐਸਆਈ) ਹਨ। 30 ਸਾਲ ਪਹਿਲਾਂ 1993 ਵਿੱਚ ਤਰਨਤਾਰਨ ਦੀ ਥਾਣਾ ਸਦਰ ਪੁਲਿਸ ਨੇ ਹਰਬੰਸ ਸਿੰਘ ਵਾਸੀ ਪਿੰਡ ਉਬੋਕੇ ਦਾ ਫ਼ਰਜ਼ੀ ਮੁਕਾਬਲਾ ਕੀਤਾ ਗਿਆ ਸੀ। ਉਸ ਦੌਰਾਨ ਪੁਲਿਸ ਨੇ ਹਰਬੰਸ ਦੇ ਨਾਲ ਇੱਕ ਅਣਪਛਾਤੇ ਵਿਅਕਤੀ ਨੂੰ ਵੀ ਮਾਰ ਮੁਕਾਇਆ ਸੀ। ਦੋਵਾਂ ਪੁਲਿਸ ਵਾਲਿਆਂ ਨੂੰ ਅਦਾਲਤ ਵੱਲੋਂ ਪਿਛਲੇ ਦਿਨੀਂ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ ਇਹਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। ਕੇਸ ਦੀ ਸੁਣਵਾਈ ਦੌਰਾਨ ਦੋ ਹੋਰ ਸਾਬਕਾ ਪੁਲਿਸ ਕਰਮੀਆਂ ਪੂਰਨ ਸਿੰਘ (ਤਤਕਾਲੀ ਐਸਐਚਓ) ਅਤੇ ਜਾਗੀਰ ਸਿੰਘ (ਤਤਕਾਲੀ ਏਐਸਆਈ) ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਪੁਲਿਸ ਨੇ ਹਰਬੰਸ ਸਿੰਘ ਨੂੰ ਖਾੜਕੂਆਂ ਦੇ ਨਾਲ ਹੋਏ ਮੁਕਾਬਲੇ ਦੌਰਾਨ ਮ੍ਰਿਤਕ ਕਰਾਰ ਦਿੱਤਾ ਸੀ। ਪਰ ਅਦਾਲਤ ਵਿੱਚ ਇਹ ਮੁਕਾਬਲਾ ਝੂਠਾ ਸਿੱਧ ਹੋਇਆ ਅਤੇ ਦੋਵਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ।

ਮ੍ਰਿਤਕ ਹਰਬੰਸ ਸਿੰਘ ਦੇ ਰਿਸ਼ਤੇਦਾਰ ਸੁਰਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਨਸਾਫ਼ ਦਾ ਇੰਤਜ਼ਾਰ ਕਰਦੀ ਹੋਈ ਮ੍ਰਿਤਕ ਦੀ ਮਾਤਾ ਦਾ ਤਿੰਨ ਸਾਲ ਪਹਿਲਾਂ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਖੁਸ਼ ਹਨ ਕਿ ਅਦਾਲਤ ਨੇ ਫ਼ੈਸਲਾ ਦਿੱਤਾ ਪਰ ਇਸ ਗੱਲ ਤੋਂ ਦੁਖੀ ਵੀ ਹਨ ਕਿ ਇਹ ਇਨਸਾਫ਼ ਕਰੀਬ ਤੀਹ ਸਾਲ ਬਾਅਦ ਮਿਲਿਆ। ਸੁਰਿੰਦਰ ਸਿੰਘ ਨੇ ਦੱਸਿਆ ਕਿ ਹਰਬੰਸ ਸਿੰਘ ਦੇ ਪਰਿਵਾਰ ਨੇ ਇਹਨਾਂ ਤੀਹ ਸਾਲਾਂ ਦੇ ਵਿੱਚ ਬਹੁਤ ਦਿੱਕਤਾਂ ਦਾ ਸਾਹਮਣਾ ਕੀਤਾ ਹੈ। ਉਨ੍ਹਾਂ ਕਿਹਾ ਕਿ ਹਰਬੰਸ ਸਿੰਘ ਪੜਾਈ ਵਿੱਚ ਹੁਸ਼ਿਆਰ ਸੀ ਅਤੇ ਉਸ ਦਾ ਸਬੰਧ ਜਿੰਮੀਦਾਰ ਪਰਿਵਾਰ ਨਾਲ ਸੀ। "ਕੇਸ ਦੀ ਲੜਾਈ ਵਿੱਚ ਪਰਿਵਾਰ ਦੀ ਜ਼ਮੀਨ ਤੱਕ ਵਿਕ ਗਈ ਅਤੇ 22 ਏਕੜ ਵਿੱਚੋਂ ਹੁਣ ਸਿਰਫ਼ ਪੰਜ ਏਕੜ ਬਚੀ ਹੈ।"

ਉਨ੍ਹਾਂ ਦੱਸਿਆ ਕਿ ਉਹ ਪਿੰਡ ਦੀ ਪੰਚਾਇਤ ਦੇ ਨਾਲ ਉਸ ਸਮੇਂ ਹਰਬੰਸ ਸਿੰਘ ਨੂੰ ਖ਼ੁਦ ਪੁਲਿਸ ਅੱਗੇ ਪੇਸ਼ ਕਰਵਾ ਕੇ ਆਏ ਸਨ। ਪਰ ਪੁਲਿਸ ਨੇ ਧੱਕੇਸ਼ਾਹੀ ਕਰਦੇ ਹੋਏ ਪਹਿਲਾਂ ਉਸ ਉੱਤੇ ਤਸ਼ੱਦਦ ਕੀਤਾ ਅਤੇ ਫਿਰ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ। ਹਰਬੰਸ ਸਿੰਘ ਦੇ ਭਰਾ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਰਿਵਾਰ ਨੂੰ ਪੁਲਿਸ ਨੇ ਬਹੁਤ ਤੰਗ ਕੀਤਾ ਗਿਆ।

ਪਰਿਵਾਰ ਦੀਆਂ ਮਹਿਲਾਵਾਂ ਨੂੰ ਇੰਨਾ ਤੰਗ ਕੀਤਾ ਕਿ ਉਹ ਪਿੰਡ ਛੱਡਣ ਲਈ ਮਜਬੂਰ ਹੋ ਗਏ। ਉਨ੍ਹਾਂ ਦੱਸਿਆ ਕਿ ਕੇਸ ਦੀ ਪੈਰਵੀ ਕਰਨੀ ਵੀ ਸੌਖੀ ਨਹੀਂ ਸੀ। ਕੇਸ ਸੁਪਰੀਮ ਕੋਰਟ ਤੱਕ ਗਿਆ। ਉਹਨਾਂ ਦੱਸਿਆ ਕਿ ਇਸ ਗੱਲ ਤੋਂ ਖੁਸ਼ ਹਨ ਕਿ ਦੋਸ਼ੀ ਪੁਲਿਸ ਵਾਲਿਆਂ ਨੂੰ ਸਜ਼ਾ ਮਿਲੀ, ਪਰ ਨਾਲ ਹੀ ਉਦਾਸ ਹਨ ਕਿ ਇਹ ਸਜਾ ਤੀਹ ਸਾਲ ਬਾਅਦ ਮਿਲੀ ਅਤੇ ਇਨਸਾਫ਼ ਦਾ ਇੰਤਜ਼ਾਰ ਕਰਦੀ ਹੋਈ ਉਹਨਾਂ ਦੀ ਮਾਤਾ ਇਸ ਦੁਨੀਆ ਵਿੱਚ ਨਹੀਂ ਹੈ।

## ਇੰਦੌਰ ਦੇ ਖਾਲਸਾ ਕਾਲਜ 'ਚ ਕਮਲਨਾਥ ਦੀ ਐਂਟਰੀ ਨੂੰ ਲੈ ਕੇ ਹੰਗਾਮਾ:ਰਾਗੀ ਜਥੇ ਨੇ ਕੀਤਾ ਵਿਰੋਧ

ਇੰਦੌਰ: ਇੰਦੌਰ ਦੇ ਖਾਲਸਾ ਕਾਲਜ 'ਚ ਗੁਰੂ ਨਾਨਕ ਜਯੰਤੀ ਦੇ ਇਕ ਪ੍ਰੋਗਰਾਮ ਵਿੱਚ ਕਮਲਨਾਥ ਦਾ ਜ਼ਬਰਦਸਤ ਵਿਰੋਧ ਹੋਇਆ ਅਤੇ ਉਨ੍ਹਾਂ ਖ਼ਿਲਾਫ਼ ਨਾਅਰੇ ਵੀ ਲੱਗੇ। ਇੱਥੇ ਪੁੱਜੇ ਕੀਰਤਨੀਏ ਮਨਪ੍ਰੀਤ ਸਿੰਘ ਕਾਨਪੁਰੀ ਨੇ ਸਟੇਜ ਤੋਂ ਕਮਲਨਾਥ ਦਾ ਵਿਰੋਧ ਕੀਤਾ।

1984 ਦੇ ਕਤਲੇਆਮ 'ਚ ਕਮਲਨਾਥ ਦਾ ਨਾਂ ਸ਼ਾਮਲ ਹੋਣ ਕਾਰਨ ਇਹ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਿਸ ਵਿਅਕਤੀ ਨੇ 84 ਵਿੱਚ ਗਲ਼ਾਂ 'ਚ ਟਾਇਰ ਪਾ ਕੇ ਸਿੱਖ ਨੂੰ ਜ਼ਿੰਦਾ ਸਾੜਿਆ ਸੀ, ਉਸ ਨੂੰ ਪ੍ਰੋਗਰਾਮ ਵਿੱਚ ਕਿਉਂ ਸੱਦਿਆ ਗਿਆ। ਉਨ੍ਹਾਂ ਕਿਹਾ ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਤੁਸੀਂ ਕਿਸ ਸਿਧਾਂਤ ਦੀ ਗੱਲ ਕਰ ਰਹੇ ਹੋ, ਇਹ ਕੀ ਰਾਜਨੀਤੀ ਹੈ।

ਇਸ ਤੋਂ ਬਾਅਦ ਉਨ੍ਹਾਂ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਨੂੰ ਰਾਜਨੀਤਕ ਪ੍ਰੋਗਰਾਮ ਬਣਾ ਦਿੱਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਕੀਰਤਨ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਮੈਂ ਅੱਜ ਕੀਰਤਨ ਨਹੀਂ ਕਰਾਂਗਾ। ਉਨ੍ਹਾਂ ਕਿਹਾ ਕਿ ਮੈਂ ਇਸ ਵਾਅਦੇ ਨਾਲ ਜਾ ਰਿਹਾ ਹਾਂ ਕਿ ਮੈਂ ਦੁਬਾਰਾ ਕਦੇ ਇੰਦੌਰ ਨਹੀਂ ਆਵਾਂਗਾ। ਇਸ ਦੌਰਾਨ ਕੁਝ ਕਾਂਗਰਸੀਆਂ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਹੇ।


SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ

CANADIAN VISA & SUPER VISA*

SPOUSAL SPONSORSHIP*

STUDY- WORK PERMIT & LMIA*

CIC REFUSAL APPEAL CASES*

PR & CITIZENSHIP APPLICATION*

INDIAN VISA-NAME CHANGE APPLICATION

PCC-OCI-RTI APPLICATIONS

IELTS & ENGLISH SPEAKING

*Services provided by Registered Canadian Immigration Consultant

* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097

By Appointment Only

#202-12677-80AVE SURREY

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi

Certified Auto Mechanic

604.503.0713

Fax:604.503.0712

Harp_t@hotmail.com

#106-12465 82 Ave , Surrey BC

# ਧਾਮੀ 104 ਵੋਟਾਂ ਨਾਲ ਸ਼੍ਰੋਮਣੀ ਕਮੇਟੀ ਦੇ ਮੁੜ ਪ੍ਰਧਾਨ ਬਣੇ, ਜਗੀਰ ਕੌਰ ਨੂੰ 42 ਵੋਟਾਂ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਾਸਤੇ ਹੋਏ ਜਨਰਲ ਇਜਲਾਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਜਿੰਦਰ ਸਿੰਘ ਧਾਮੀ 104 ਵੋਟਾਂ ਲੈ ਕੇ ਜਿੱਤ ਗਏ ਹਨ, ਜਦੋਂ ਕਿ ਬੀਬੀ ਜਗੀਰ ਕੌਰ ਨੂੰ 42 ਵੋਟਾਂ ਮਿਲੀਆਂ ਹਨ। ਬੀਬੀ ਜਗੀਰ ਕੌਰ ਨੇ ਦੋਸ਼ ਲਾਇਆ ਕਿ ਉਨ੍ਹਾਂ ਨਾਲ ਧੱਕੇ ਦੇ ਬਾਵਜੂਦ 42 ਵੋਟਾਂ ਮਿਲੀਆਂ ਹਨ ਅਤੇ ਉਨ੍ਹਾਂ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਲਈ ਆਪਣੀ ਲੜਾਈ ਜਾਰੀ ਰੱਖਣਗੇ। ਇਸ ਦੌਰਾਨ ਬਲਦੇਵ ਸਿੰਘ ਕਾਇਮਪੁਰ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਉਨ੍ਹਾਂ ਦੇ ਮੁਕਾਬਲੇ ਵਿਰੋਧੀ ਧਿਰ ਵੱਲੋਂ ਕੋਈ ਉਮੀਦਵਾਰ ਨਹੀਂ ਸੀ। ਸ੍ਰੀ ਅਵਤਾਰ ਸਿੰਘ ਫਤਿਹਗੜ੍ਹ ਜੂਨੀਅਰ ਮੀਤ ਪ੍ਰਧਾਨ ਤੇ ਗੁਰਚਰਨ ਸਿੰਘ ਗਰੇਵਾਲ ਜਨਰਲ ਸਕੱਤਰ ਚੁਣੇ ਗਏ। ਬੀਬੀ ਜਗੀਰ ਕੌਰ ਧੜੇ ਦੇ ਤਿੰਨ ਮੈਂਬਰ ਅੰਤਰਿੰਗ ਕਮੇਟੀ ਵਿੱਚ ਸ਼ਾਮਲ ਕੀਤੇ ਗਏ ਹਨ। ਇਸ ਤੋਂ ਪਹਿਲਾ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਅਰਦਾਸ ਤੇ ਹੁਕਮਨਾਮੇ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਾਲਾਨਾ ਜਨਰਲ ਇਜਲਾਸ ਸ਼ੁਰੂ ਹੋਇਆ। ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਅਰਵਿੰਦਰ ਸਿੰਘ ਪੱਖੋਕੇ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਮ ਪ੍ਰਧਾਨ ਵਜੋਂ ਪੇਸ਼ ਕੀਤਾ, ਜਿਸ ਦੀ ਤਾਈਦ ਭਗਵੰਤ ਸਿੰਘ ਸਿਆਲਕਾ ਨੇ ਕੀਤੀ। ਦੂਸਰੇ ਪਾਸੇ ਬੀਬੀ ਜਗੀਰ ਕੌਰ ਦਾ ਨਾਮ ਪ੍ਰਧਾਨ ਵਜੋਂ ਸ਼੍ਰੋਮਣੀ ਕਮੇਟੀ ਮੈਂਬਰ ਅਮਰੀਕ ਸਿੰਘ ਸ਼ਾਹਪੁਰ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਮਿੱਠੂ ਸਿੰਘ ਕਾਹਨੇਕੇ ਨੇ ਕੀਤੀ।

(ਮੁੱਖ ਪੰਨੇ ਦੀ ਬਾਕੀ) ਸ੍ਰੀ ਆਨੰਦਪੁਰ ਸਾਹਿਬ-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਐਲਾਨ ਕੀਤਾ ਕਿ ਆਨੰਦ ਮੈਰਿਜ ਐਕਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਐਕਟ ਨੂੰ 2016 ਵਿੱਚ ਨੋਟੀਫਾਈ ਕੀਤਾ ਗਿਆ ਸੀ ਪਰ ਉਦੋਂ ਤੋਂ ਇਹ ਲਟਕ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਈ ਹੋਰ ਰਾਜ ਪਹਿਲਾਂ ਹੀ ਇਸ ਐਕਟ ਨੂੰ ਲਾਗੂ ਕਰ ਚੁੱਕੇ ਹਨ ਪਰ ਪੰਜਾਬ ਇਸ ਤੋਂ ਪਛੜ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਐਕਟ ਨੂੰ ਹੁਣ ਸਹੀ ਮਾਅਨਿਆਂ ਵਿੱਚ ਲਾਗੂ ਕੀਤਾ ਜਾਵੇਗਾ।

## ਮਨਮੋਹਨ ਸਿੰਘ ਨੇ ਦੇਸ਼ ਨੂੰ ਦਿੱਤੀ ਨਵੀਂ ਦਿਸ਼ਾ:ਗਡਕਰੀ

ਨਵੀਂ ਦਿੱਲੀ:ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਆਰਥਿਕ ਸੁਧਾਰਾਂ ਰਾਹੀਂ ਦੇਸ਼ ਨੂੰ ਨਵੀਂ ਦਿਸ਼ਾ ਦੇਣ ਲਈ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਭਾਰਤ ਨੂੰ ਅਜਿਹੀ ਉਦਾਰ ਆਰਥਿਕ ਨੀਤੀ ਦੀ ਲੋੜ ਹੈ, ਜੋ ਗਰੀਬਾਂ ਨੂੰ ਵੀ ਲਾਭ ਪਹੁੰਚਾਉਣ ਦਾ ਇਰਾਦਾ ਹੋਵੇ। ਇੱਥੇ ਆਯੋਜਿਤ 'ਟੀਓਐਲ ਐਵਾਰਡ 2022' ਸਮਾਗਮ ਨੂੰ ਸੰਬੋਧਨ ਕਰਦਿਆਂ ਗਡਕਰੀ ਨੇ ਕਿਹਾ ਕਿ ਤਤਕਾਲੀ ਵਿੱਤ ਮੰਤਰੀ ਮਨਮੋਹਨ ਸਿੰਘ ਵੱਲੋਂ ਸਾਲ 1991 ਵਿੱਚ ਸ਼ੁਰੂ ਕੀਤੇ ਗਏ ਆਰਥਿਕ ਸੁਧਾਰਾਂ ਨੇ ਭਾਰਤ ਨੂੰ ਇੱਕ ਨਵੀਂ ਦਿਸ਼ਾ ਦਿਖਾਈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਰਥਿਕ ਸੁਧਾਰਾਂ ਲਈ ਦੇਸ਼ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਧੰਨਵਾਦੀ ਹੈ। ਇਸ ਮੌਕੇ ਗਡਕਰੀ ਨੇ ਮਹਾਰਾਸ਼ਟਰ ਦੇ ਮੰਤਰੀ ਹੁੰਦਿਆਂ ਸੜਕਾਂ ਲਈ ਪੈਸੇ ਇਕੱਠੇ ਕਰਨ ਲਈ ਨੱਬੇ ਦੇ ਦਹਾਕੇ ਵਿੱਚ ਕੀਤੇ ਗਏ ਯਤਨਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮਨਮੋਹਨ ਸਿੰਘ ਵੱਲੋਂ ਸ਼ੁਰੂ ਕੀਤੇ ਗਏ ਆਰਥਿਕ ਸੁਧਾਰਾਂ ਕਾਰਨ ਹੀ ਉਹ ਇਨ੍ਹਾਂ ਸੜਕੀ ਪ੍ਰਾਜੈਕਟਾਂ ਲਈ ਫੰਡ ਜੁਟਾਉਣ ਦੇ ਸਮਰੱਥ ਹੋਏ ਹਨ।


AujLawZ

Tax & Accounting Services

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla

604-504-1657, 604-835-3693

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4

Email:aujlagee@shaw.ca 0323



T&S Transportation

Hiring Owner Operators & Drivers

ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ।ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333



# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਗੁ. ਦੁੱਖ ਨਿਵਾਰਨ ਸਰੀ ਵੱਲੋਂ ਗੁਰੂ ਨਾਨਕ ਜੀ ਦੇ ਆਗਮਨ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ

ਸਰੀ-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਮੌਕੇ ਸਰੀ ਦੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸਵੇਰੇ ਗੁਰਦੁਆਰਾ ਸਾਹਿਬ ਅਰਦਾਸ ਤੋਂ ਕਰਕੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਰਵਾਨਾ ਹੋਇਆ ਅਤੇ ਵੱਖ ਵੱਖ ਗਲੀਆਂ ਵਿੱਚੋਂ ਲੰਘਦਾ ਹੋਇਆ ਸ਼ਾਮ 4 ਵਜੇ ਗੁਰੁਦਆਰਾ ਸਾਹਿਬ ਵਿਖੇ ਵਾਪਸ ਪਹੁੰਚ ਕੇ ਸਮਾਪਤ ਹੋਇਆ। ਇਸ ਨਗਰ ਕੀਤਰਨ ਵਿਚ ਸੰਗਤਾਂ ਦਾ ਉਤਸ਼ਾਹ ਅਤੇ ਸ਼ਰਧਾ ਦੇਖਣਯੋਗ ਸੀ। ਹਜਾਰਾਂ ਸ਼ਰਧਾਲੂ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਨਤਮਸਤਕ ਹੋਏ। ਨਗਰ ਕੀਤਰਨ ਦੌਰਾਨ ਰਸਭਿੰਨੇ ਕੀਰਤਨ ਦਾ ਪ੍ਰਵਾਹ ਚੱਲਦਾ ਰਿਹਾ। ਖਾਲਸਾਈ ਬਾਣੇ ਵਿਚ ਸਜੇ ਸਿੰਘਾਂ ਵੱਲੋਂ ਗੱਤਕੇ ਦੇ ਜੌਹਰ ਦਿਖਾਏ ਗਏ। ਸ਼ਰਧਾਲੂਆਂ ਵੱਲੋਂ ਥਾਂ ਥਾਂ ਵੱਖ ਵੱਖ ਖਾਧ ਪਦਾਰਥਾਂ ਦੇ ਲੰਗਰ ਲਾਏ ਗਏ ਸਨ। ਇਸ ਦੌਰਾਨ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਨੇ ਸਮੂਹ ਸਿੱਖ ਭਾਈਚਾਰੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਅਤੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਰਾਹੁਲ ਗਾਂਧੀ ਨੇ ਗੁਰਪੁਰਬ ਮੌਕੇ ਗੁਰਦੁਆਰੇ 'ਚ ਮੱਥਾ ਟੇਕਿਆ

ਦੇਗਲੂਰ (ਮਹਾਰਾਸ਼ਟਰ), ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਨੇ ਨਾਂਦੇੜ ਜ਼ਿਲ੍ਹੇ ਦੇ ਗੁਰਦੁਆਰੇ 'ਚ ਮੱਥਾ ਟੇਕਣ ਤੋਂ ਬਾਅਦ ਪਾਰਟੀ ਦੀ 'ਭਾਰਤ ਜੋੜੋ ਯਾਤਰਾ' ਦੀ ਸ਼ੁਰੂਆਤ ਕੀਤੀ। ਰਾਹੁਲ ਗਾਂਧੀ ਦੀ ਅਗਵਾਈ 'ਚ ਤਾਮਿਲਨਾਡੂ ਦੇ ਕੰਨਿਆਕੁਮਾਰੀ ਤੋਂ 7 ਸਤੰਬਰ ਨੂੰ ਸ਼ੁਰੂ ਹੋਈ 'ਭਾਰਤ ਜੋੜੋ ਯਾਤਰਾ' ਦਾ ਅੱਜ 62ਵਾਂ ਦਿਨ ਹੈ। ਸੋਮਵਾਰ ਰਾਤ ਤਿਲੰਗਾਨਾ ਤੋਂ ਯਾਤਰਾ ਮਹਾਰਾਸ਼ਟਰ ਵਿੱਚ ਦਾਖਲ ਹੋਣ ਤੋਂ ਬਾਅਦ ਕਾਂਗਰਸ ਦੇ ਸੰਸਦ ਮੈਂਬਰ ਨੇ ਅੱਜ ਸਵੇਰੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰਾ ਯਾਦਵਾਰ ਬਾਬਾ ਜ਼ੋਰਾਵਰ ਸਿੰਘ ਜੀ ਫਤਿਹ ਸਿੰਘ ਜੀ ਵਿਖੇ ਮੱਥਾ ਟੇਕਿਆ।

# ਅਕਾਲੀ ਦਲ ਵਿਚ ਗਦਾਰ ਬੈਠੇ ਹਨ:ਜਗੀਰ ਕੌਰ

ਅੰਮ੍ਰਿਤਸਰ:-ਬੀਬੀ ਜਗੀਰ ਕੌਰ ਨੇ ਆਖਿਆ ਹੈ ਕਿ ਉਨ੍ਹਾਂ ਨੂੰ 42 ਵੋਟਾਂ ਮਿਲੀਆਂ ਹਨ। ਧੱਕੇ ਦੇ ਬਾਵਜੂਦ ਉਨ੍ਹਾਂ ਨੂੰ ਇੰਨੀਆਂ ਵੋਟਾਂ ਮਿਲੀਆਂ ਹਨ, ਇਹ ਉਨ੍ਹਾਂ ਦੀ ਜਿੱਤ ਹੀ ਹੈ। ਉਨ੍ਹਾਂ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਲਈ ਆਪਣੀ ਲੜਾਈ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਾਡੀ ਵੀ ਏ ਤੇ ਅਕਾਲੀ ਦਲ ਵੀ ਮੇਰਾ ਹੈ, ਇਹ ਤਾਂ ਵਿਚ ਗਦਾਰ ਬੈਠੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਵਿਚੋਂ ਕੱਢਣ ਵਾਲੇ ਇਹ ਕੌਣ ਹੁੰਦੇ ਹਨ।


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ
ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ
ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.

Any size tent

NOW HIRING

Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca

UNIVERSAL BUILDING MAINTENANCE LTD.
Since 1987

NOW HIRING

*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com

# ਵਿਰੋਧੀ ਧਿਰ ਵੱਲੋਂ ਨੋਟਬੰਦੀ 'ਆਰਥਿਕ ਨਸਲਕੁਸ਼ੀ' ਤੇ 'ਸੰਗਠਿਤ ਲੁੱਟ' ਕਰਾਰ
# ਨੋਟਬੰਦੀ ਨੂੰ ਆਜ਼ਾਦ ਭਾਰਤ ਦੀ 'ਸਭ ਤੋਂ ਵੱਡੀ ਲੁੱਟ' ਦੱਸਿਆ:ਓਬ੍ਰਾਇਨ ਨੇ ਨੋਟਬੰਦੀ ਨੂੰ 'ਛਕਵੰਜ' ਦੱਸਿਆ

ਨਵੀਂ ਦਿੱਲੀ:-ਵਿਰੋਧੀ ਪਾਰਟੀਆਂ ਨੇ ਨੋਟਬੰਦੀ ਦੀ 6ਵੀਂ ਵਰ੍ਹੇਗੰਢ ਮੌਕੇ ਮੋਦੀ ਸਰਕਾਰ ਵੱਲੋਂ ਲਏ ਇਸ ਫੈਸਲੇ ਨੂੰ 'ਆਰਥਿਕ ਨਸਲਕੁਸ਼ੀ', 'ਅਪਰਾਧਿਕ ਕਾਰਵਾਈ' ਤੇ 'ਸੰਗਠਿਤ ਲੁੱਟ' ਕਰਾਰ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 8 ਨਵੰਬਰ 2016 ਨੂੰ 1000 ਰੁਪਏ ਤੇ 500 ਰੁਪਏ ਦੇ ਨੋਟ ਬੰਦ ਕਰਨ ਦਾ ਐਲਾਨ ਕੀਤਾ ਸੀ। ਸ੍ਰੀ ਮੋਦੀ ਨੇ ਉਦੋਂ ਦਾਅਵਾ ਕੀਤਾ ਸੀ ਕਿ ਨੋਟਬੰਦੀ ਦਾ ਮੁੱਖ ਮੰਤਵ ਡਿਜੀਟਲ ਅਦਾਇਗੀ ਦਾ ਪ੍ਰਚਾਰ ਪਾਸਾਰ ਤੇ ਕਾਲੇ ਧਨ ਨੂੰ ਨੱਥ ਪਾਉਣ ਤੋਂ ਇਲਾਵਾ ਦਹਿਸ਼ਤੀ ਫੰਡਿੰਗ ਨੂੰ ਖ਼ਤਮ ਕਰਨਾ ਹੈ।

ਕਾਂਗਰਸ ਨੇ ਨੋਟਬੰਦੀ ਨੂੰ ਆਜ਼ਾਦ ਭਾਰਤ ਦੀ 'ਸਭ ਤੋਂ ਵੱਡੀ ਗਿਣੀ ਮਿੱਥੀ ਲੁੱਟ' ਕਰਾਰ ਦਿੰਦਿਆਂ ਮੋਦੀ ਸਰਕਾਰ ਵੱਲੋਂ ਵ੍ਹਾਈਟ ਪੇਪਰ ਜਾਰੀ ਕੀਤੇ ਜਾਣ ਦੀ ਮੰਗ ਕੀਤੀ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਕ ਟਵੀਟ ਵਿੱਚ ਕਿਹਾ, ''6 ਸਾਲਾਂ ਦੀ 'ਸੰਗਠਿਤ ਲੁੱਟ ਤੇ ਕਾਨੂੰਨੀ ਲੁੱਟ'। ਉਨ੍ਹਾਂ 150 ਲੋਕਾਂ ਨੂੰ ਸ਼ਰਧਾਂਜਲੀ ਜਿਨ੍ਹਾਂ ਨੋਟਬੰਦੀ ਦੀ ਆਫ਼ਤ ਕਰਕੇ ਆਪਣੀਆਂ ਜਾਨਾਂ ਗੁਆਈਆਂ। ਹੁਣ ਜਦੋਂ ਅਸੀਂ ਇਸ ਸ਼ਾਹਕਾਰ ਗ਼ਲਤੀ ਦੀ 6ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦੇ ਇਸ ਗ਼ਲਤ ਫੈਸਲੇ ਬਾਰੇ ਯਾਦ ਕਰਵਾਉਣਾ ਜ਼ਰੂਰੀ ਹੈ, ਜੋ ਉਨ੍ਹਾਂ ਦੇਸ਼ 'ਤੇ ਥੋਪਿਆ।'' ਖੜਗੇ ਨੇ ਮੋਦੀ ਸਰਕਾਰ ਦੇ ਫੈਸਲੇ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਦੇਸ਼ ਨੂੰ ਕਾਲੇ ਧਨ ਤੋਂ ਮੁਕਤ ਕਰਨ ਲਈ ਹੀ ਨੋਟਬੰਦੀ ਦਾ ਵਾਅਦਾ ਕੀਤਾ ਗਿਆ ਸੀ। ਉਨ੍ਹਾਂ ਟਵੀਟ ਕੀਤਾ, ''ਪਰ ਇਸ ਨੇ ਕਾਰੋਬਾਰ ਤੇ ਰੁਜ਼ਗਾਰ ਤਬਾਹ ਕਰ ਦਿੱਤੇ। 'ਮਾਸਟਰ ਸਟਰੋਕ' ਦੇ ਛੇ ਸਾਲਾਂ ਬਾਅਦ ਲੋਕਾਂ ਕੋਲ 2016 ਦੇ ਮੁਕਾਬਲੇ 72 ਫੀਸਦ ਵੱਧ ਨਗ਼ਦੀ ਉਪਲੱਬਧ ਹੈ। ਪ੍ਰਧਾਨ ਮੰਤਰੀ ਅਜੇ ਵੀ ਮੰਨਣ ਲਈ ਤਿਆਰ ਨਹੀਂ ਹਨ ਕਿ ਇਸ ਸ਼ਾਹਕਾਰ ਗ਼ਲਤੀ ਕਰਕੇ ਅਰਥਚਾਰੇ ਦਾ ਭੱਠਾ ਬੈਠਿਆ।''

ਉਧਰ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਇਹ 'ਪੇਅਪੀਐੱਮ' ਵੱਲੋਂ ਕੀਤੀ ਗਈ ਸੋਚੀ ਸਮਝੀ ਪੇਸ਼ਕਦਮੀ ਸੀ ਤਾਂ ਕਿ ਉਨ੍ਹਾਂ ਦੇ ਦੋ-ਤਿੰਨ ਅਰਬਪਤੀ ਦੋਸਤਾਂ ਦੀ ਭਾਰਤੀ ਅਰਥਚਾਰੇ 'ਤੇ ਅਜਾਰੇਦਾਰੀ ਯਕੀਨੀ ਬਣ ਸਕੇ।

ਤ੍ਰਿਣਮੂਲ ਕਾਂਗਰਸ ਦੇ ਤਰਜਮਾਨ ਤੇ ਰਾਜ ਸਭਾ ਵਿੱਚ ਪਾਰਟੀ ਦੇ ਆਗੂ ਡੈਰੇਕ ਓਬ੍ਰਾਇਨ ਨੇ ਕਿਹਾ ਕਿ ਨੋਟਬੰਦੀ ਦਾ ਫੈਸਲਾ 'ਛਕਵੰਜ' ਸੀ। ਉਨ੍ਹਾਂ ਟਵੀਟ ਕੀਤਾ, ''6 ਸਾਲ ਪਹਿਲਾਂ ਅੱਜ ਦੇ ਦਿਨ ਕੀਤਾ ਛਕਵੰਜ ਆਰਥਿਕ ਨਸਲਕੁਸ਼ੀ ਸਾਬਤ ਹੋਇਆ। 2017 ਵਿੱਚ ਆਪਣੀ ਕਿਤਾਬ 'ਚ ਮੈਂ ਇਸ ਬਾਰੇ ਲਿਖਿਆ ਸੀ।''

ਸੀਪੀਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਟਵੀਟ ਕੀਤਾ, ''ਮੋਦੀ ਤੇ ਉਨ੍ਹਾਂ ਦੀ ਸਰਕਾਰ ਦੇ ਹੰਕਾਰ ਦੀ 6ਵੀਂ ਵਰ੍ਹੇਗੰਢ ਨੇ ਭਾਰਤੀ ਅਰਥਚਾਰੇ ਦੀ ਜਾਨ ਕੱਢ ਛੱਡੀ ਹੈ। ਨੋਟਬੰਦੀ ਦੇ ਨਤੀਜੇ ਵਜੋਂ ਪ੍ਰਵਾਹ ਵਿੱਚ ਰਿਕਾਰਡ ਉੱਚ ਨਕਦੀ ਤੋਂ ਇਲਾਵਾ ਅਰਾਜਕਤਾ ਪੈਦਾ ਹੋਈ ਹੈ।

# ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀ ਬੈਠਕ 'ਚ ਅਮਰੀਕਾ-ਬੈਲਜੀਅਮ ਭਾਰਤ ਤੋਂ ਕਰਨਗੇ ਤਿੱਖੇ ਸਵਾਲ

ਨਵੀਂ ਦਿੱਲੀ:ਸਵਿਟਜ਼ਰਲੈਂਡ ਦੇ ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਦੀ ਬੈਠਕ ਵਿੱਚ ਅਮਰੀਕਾ ਅਤੇ ਬੈਲਜੀਅਮ ਨਾਗਰਿਕਤਾ ਸੋਧ ਕਾਨੂੰਨ ਅਤੇ ਨਫ਼ਰਤ ਭਰੇ ਭਾਸ਼ਣ 'ਤੇ ਭਾਰਤ ਤੋਂ ਸਵਾਲ ਕਰਨਗੇ। ਇਸ ਦੌਰਾਨ ਸੰਯੁਕਤ ਰਾਸ਼ਟਰ ਦਾ ਇੱਕ ਕਾਰਜ ਸਮੂਹ ਮਨੁੱਖੀ ਅਧਿਕਾਰਾਂ ਬਾਰੇ ਚੌਥੀ ਯੂਨੀਵਰਸਲ ਪੀਰੀਅਡਿਕ ਰਿਵਿਊ (ਯੂਪੀਆਰ) ਮੀਟਿੰਗ ਦੌਰਾਨ ਭਾਰਤੀ ਪੱਖ ਵੱਲੋਂ ਪੇਸ਼ ਕੀਤੀ ਗਈ ਕੌਮੀ ਰਿਪੋਰਟ ਦੀ ਸਮੀਖਿਆ ਕਰੇਗਾ ਅਤੇ ਭਾਰਤ ਨੂੰ ਸਵਾਲ ਕਰੇਗਾ।

ਯੂਨੀਵਰਸਲ ਪੀਰੀਅਡਿਕ ਰੀਵਿਊ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਦੂਜੇ ਮੈਂਬਰ ਦੇਸ਼ਾਂ ਦੇ ਮਨੁੱਖੀ ਅਧਿਕਾਰਾਂ ਦੇ ਰਿਕਾਰਡ ਦੀ ਸਮੀਖਿਆ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਹ ਗਰੁੱਪ 7 ਤੋਂ 18 ਨਵੰਬਰ ਤੱਕ ਕਈ ਹੋਰ ਦੇਸ਼ਾਂ ਦੇ ਰਿਕਾਰਡ ਦੀ ਵੀ ਜਾਂਚ ਕਰੇਗਾ।

ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਵੀਰਵਾਰ ਨੂੰ ਹੋਣ ਵਾਲੀ ਇਸ ਸਮੀਖਿਆ ਬੈਠਕ 'ਚ ਹਿੱਸਾ ਲੈਣ ਵਾਲੇ ਭਾਰਤੀ ਵਫਦ ਦੀ ਅਗਵਾਈ ਕਰਨਗੇ।

ਅਮਰੀਕਾ ਅਤੇ ਬੈਲਜੀਅਮ ਪਹਿਲਾਂ ਹੀ ਕੌਂਸਲ ਵਿੱਚ ਭਾਰਤ ਤੋਂ ਕਈ ਸਵਾਲਾਂ ਦੇ ਜਵਾਬ ਮੰਗ ਚੁੱਕੇ ਹਨ। ਇਨ੍ਹਾਂ ਦੇਸ਼ਾਂ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ 'ਘੱਟ ਗਿਣਤੀ ਵਿਰੋਧੀ' ਦੱਸਿਆ ਹੈ ਅਤੇ ਭਾਰਤ ਤੋਂ ਪੁੱਛਿਆ ਹੈ ਕਿ ਕੀ ਇਸ ਕਾਨੂੰਨ ਨੂੰ ਰੱਦ ਕੀਤਾ ਜਾਵੇਗਾ।

ਬੈਲਜੀਅਮ ਨੇ ਇਹ ਵੀ ਪੁੱਛਿਆ ਕਿ ਕੀ ਭਾਰਤ ਸਰਕਾਰ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਛਅਅ ਅਤੇ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਦੀ ਸਮੀਖਿਆ ਕਰੇਗੀ ਅਤੇ ਰੱਦ ਕਰੇਗੀ। ਇਨ੍ਹਾਂ ਦੋਵਾਂ ਦੇਸ਼ਾਂ ਨੇ ਇਹ ਵੀ ਪੁੱਛਿਆ ਕਿ ਕੀ ਭਾਰਤ ਸਰਕਾਰ ਇਹ ਯਕੀਨੀ ਬਣਾਵੇਗਾ ਕਿ ਉਨ੍ਹਾਂ ਦੇ ਦੇਸ਼ ਵਿੱਚ ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਅਤੇ ਸਿਵਲ ਸੁਸਾਇਟੀ ਸੰਸਥਾਵਾਂ ਨੂੰ ਪ੍ਰਗਟਾਵੇ ਦੀ ਆਜ਼ਾਦੀ, ਆਪਣੇ ਅਧਿਕਾਰਾਂ ਦੀ ਵਰਤੋਂ ਅਤੇ ਵਿਰੋਧ ਕਰਨ ਦੀ ਆਜ਼ਾਦੀ ਹੋਵੇ। ਯੂਐਨਐਚਆਰਸੀ ਦੀ ਵੀਰਵਾਰ ਨੂੰ ਹੋਈ ਮੀਟਿੰਗ ਤੋਂ ਪਹਿਲਾਂ ਹੀ ਅਮਰੀਕਾ, ਬੈਲਜੀਅਮ, ਸਪੇਨ, ਪਨਾਮਾ, ਕੈਨੇਡਾ ਅਤੇ ਸਲੋਵੇਨੀਆ ਨੇ ਕੌਂਸਲ ਵਿੱਚ ਆਪਣੇ ਸਵਾਲ ਰੱਖੇ ਸਨ।

TMG LOGISTICS INC.

Need Owner Operators

*Vancouver to California *California to Alberta Back Vancouver
*Vancouver to East USA Return

NOW HIRING

Good Paying Loads

Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਹਰ ਕਿਸਮ ਦੇ ਨਕਸਲਵਾਦ ਨੂੰ ਨੱਪਣ ਦੀ ਲੋੜ:ਮੋਦੀ

ਦਿੱਲੀ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਬਾਈ ਗ੍ਰਹਿ ਮੰਤਰੀਆਂ ਅਤੇ ਸੀਨੀਅਰ ਪੁਲਸ ਅਫਸਰਾਂ ਦੇ ਪਹਿਲੇ ਚਿੰਤਨ ਸ਼ਿਵਰ ਨੂੰ 28 ਅਕਤੂਬਰ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਹਰ ਤਰ੍ਹਾਂ ਦੇ ਨਕਸਲਵਾਦ ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ, ਭਾਵੇਂ ਉਹ ਬੰਦੂਕਾਂ ਵਾਲਾ ਹੋਵੇ ਜਾਂ ਕਲਮਾਂ ਵਾਲਾ, ਕਿਉਂਕਿ ਇਹ ਦੇਸ਼ ਦੇ ਨੌਜਵਾਨਾਂ ਨੂੰ ਗੁੰਮਰਾਹ ਕਰ ਰਿਹਾ ਹੈ । ਇਸ ਤੋਂ ਪਹਿਲਾਂ ਮੋਦੀ ਸਰਕਾਰ ਦੇ ਕਈ ਆਲੋਚਕਾਂ ਨੂੰ ਕੌਮ-ਵਿਰੋਧੀ ਤੇ ਅਰਬਨ ਨਕਸਲ ਗਰਦਾਨ ਕੇ ਜੇਲ੍ਹਾਂ ਵਿਚ ਡੱਕਿਆ ਜਾ ਚੁੱਕਿਆ ਹੈ।ਇਨ੍ਹਾਂ ਉੱਤੇ ਮਾਓਵਾਦੀਆਂ ਨਾਲ ਲਿੰਕ ਅਤੇ ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜ਼ਿਸ਼ ਤੱਕ ਦੇ ਦੋਸ਼ ਲਾਏ ਗਏ ਹਨ।ਇਨ੍ਹਾਂ ਵਿਚ ਐਲਗਾਰ ਪ੍ਰੀਸ਼ਦ ਗਰੁੱਪ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਗਿਆ, ਜਿਸ ਦੇ ਕਈ ਸਮਰਥਕ ਜੇਲ੍ਹਾਂ ਵਿਚ ਬਿਨਾਂ ਮੁਕੱਦਮਾ ਸੜ ਰਹੇ ਹਨ ।ਨਾਗਰਿਕਤਾ ਸੋਧ ਕਾਨੂੰਨ ਤੇ ਨਾਗਰਿਕਾਂ ਦੇ ਕੌਮੀ ਰਜਿਸਟਰ ਖਿਲਾਫ ਪ੍ਰੋਟੈੱਸਟ ਕਰਨ ਵਾਲੇ ਕਈ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਵੀ ਦੰਗਿਆਂ ਲਈ ਉਕਸਾਉਣ ਦੇ ਦੋਸ਼ ਵਿਚ ਅੰਦਰ ਕੀਤਾ ਹੋਇਆ ਹੈ।

ਮੋਦੀ ਦੇ 'ਕਲਮਾਂ ਵਾਲੇ ਨਕਸਲੀਆਂ' ਵਾਲੇ ਬਿਆਨ ਤੋਂ ਬਾਅਦ ਹੀ ਸਮਾਜੀ ਕਾਰਕੁਨਾਂ ਤੇ ਸਰਕਾਰ ਦੇ ਆਲੋਚਕਾਂ ਨੇ ਖਦਸ਼ਾ ਪ੍ਰਗਟਾਇਆ ਸੀ ਕਿ ਸਰਕਾਰ ਹੁਣ ਦਮਨ ਦਾ ਇਕ ਹੋਰ ਦੌਰ ਚਲਾਏਗੀ। ਉਨ੍ਹਾਂ ਦਾ ਖਦਸ਼ਾ ਸਹੀ ਸਾਬਤ ਹੋਇਆ ਹੈ। ਕੇਂਦਰ ਨੇ ਸੁਰੱਖਿਆ ਏਜੰਸੀਆਂ ਨੂੰ ਕਿਹਾ ਹੈ ਕਿ ਉਹ ਦੇਸ਼ ਵਿਚ ਮਾਓਵਾਦੀ ਰਣਨੀਤੀਕਾਰਾਂ ਤੇ ਉਨ੍ਹਾਂ ਦੇ ਹਮਾਇਤੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਨੱਪਣ ।ਸਰਕਾਰ ਦਾ ਦਾਅਵਾ ਹੈ ਕਿ ਅਜਿਹੀਆਂ ਇੰਟੈਲੀਜੈਂਸ ਰਿਪੋਰਟਾਂ ਮਿਲੀਆਂ ਹਨ ਕਿ ਕਈ ਸ਼ਹਿਰਾਂ ਵਿਚ ਅਰਬਨ ਮਾਓਵਾਦੀ ਤੇ ਉਨ੍ਹਾਂ ਦੇ ਹਮਾਇਤੀ ਸਰਗਰਮ ਹਨ, ਜਿਹੜੇ ਅੰਡਰਗਰਾਊਂਡ ਮਾਓਵਾਦੀਆਂ ਦੀ ਮਦਦ ਕਰ ਰਹੇ ਹਨ । ਕੇਂਦਰ ਨੇ ਸੁਰੱਖਿਆ ਏਜੰਸੀਆਂ ਨੂੰ ਕਿਹਾ ਹੈ ਕਿ ਉਹ ਆਪਣੀ ਮੁਹਿੰਮ ਵਿਚ ਸੂਬਾ ਪੁਲਸ ਦਾ ਵੀ ਸਾਥ ਲੈਣ।

# ਸੁਧੀਰ ਸੂਰੀ ਦੀ ਹੱਤਿਆ ਮਗਰੋਂ ਲੱਡੂ ਵੰਡਣ ਵਾਲੇ ਵਿਅਕਤੀ ਖਿਲਾਫ਼ ਕੇਸ ਦਰਜ

ਲੁਧਿਆਣਾ- ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੱਤਿਆ ਮਗਰੋਂ ਲੱਡੂ ਵੰਡਣ ਵਾਲੇ ਲੁਧਿਆਣਾ ਵਾਸੀ ਵਿਅਕਤੀ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ।ਸੂਰੀ ਦੀ ਪਿਛਲੇ ਦਿਨੀਂ ਅੰਮ੍ਰਿਤਸਰ ਵਿਚ ਮੰਦਿਰ ਦੇ ਬਾਹਰ ਲਾਏ ਧਰਨੇ ਦੌਰਾਨ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕਾਬਿਲੇਗੌਰ ਹੈ ਕਿ ਸੂਰੀ ਦੀ ਹੱਤਿਆ ਮਗਰੋਂ ਇਕ ਵਿਅਕਤੀ ਵੱਲੋਂ ਲੱਡੂ ਵੰਡਦਿਆਂ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਕੌਸਤੁਭ ਸ਼ਰਮਾ ਨੇ ਕਿਹਾ, ''ਸਲੇਮ ਟਾਬਰੀ ਪੁਲਿਸ ਸਟੇਸ਼ਨ ਵਿਚ ਸਬੰਧਤ ਵਿਅਕਤੀ ਖਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕੀਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਜਾਰੀ ਹੈ।'' ਸ਼ਿਵ ਸੈਨਾ ਆਗੂ ਦਾ 4 ਨਵੰਬਰ ਨੂੰ ਅੰਮ੍ਰਿਤਸਰ 'ਚ ਕਤਲ ਕਰ ਦਿੱਤਾ ਗਿਆ ਸੀ।

# ਸਿੱਖਾਂ ਦੇ ਮੁੱਦੇ 'ਤੇ ਖੋਜ ਕਰਨ ਵਾਲੇ ਅਤੇ ਡਾਕੂਮੈਂਟਰੀ ਨਿਰਮਾਤਾ ਅਮਰਦੀਪ ਸਿੰਘ ਸਾਲ 2022 ਲਈ 'ਗੁਰੂ ਨਾਨਕ ਇੰਟਰਫੇਥ ਪੁਰਸਕਾਰ' ਨਾਲ ਸਨਮਾਨਿਤ

ਸਿੰਘਾਪੁਰ:ਪੰਜਾਬੀਆਂ ਦੇ ਲਈ ਵਿਦੇਸ਼ ਤੋਂ ਇੱਕ ਹੋਰ ਮਾਣ ਵਾਲੀ ਖਬਰ ਸਾਹਮਣੇ ਆਈ ਹੈ,ਦਰਅਸਲ ਸਿੰਗਾਪੁਰ 'ਚ ਸਿੱਖਾਂ ਦੇ ਮੁੱਦੇ ਉੱਤੇ ਖੋਜ ਕਰਨ ਵਾਲੇ ਅਤੇ ਡਾਕੂਮੈਂਟਰੀ ਨਿਰਮਾਤਾ ਅਮਰਦੀਪ ਸਿੰਘ ਨੂੰ ਸਾਲ 2022 ਲਈ 'ਗੁਰੂ ਨਾਨਕ ਇੰਟਰਫੇਥ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ।ਉੱਤਰ ਪ੍ਰਦੇਸ਼ ਦੇ ਗੋਰਖਪੁਰ 'ਚ ਪੈਦਾ ਹੋਏ ਅਮਰਦੀਪ ਸਿੰਘ ਅਤੇ ਉਨ੍ਹਾਂ ਦੀ ਪਤਨੀ ਵਿਨਿੰਦਰ ਕੌਰ ਸਿੰਗਾਪੁਰ 'ਚ ਵਿਜ਼ੁਅਲ ਮੀਡੀਆ ਪ੍ਰੋਡਕਸ਼ਨ ਹਾਊਸ ਲਾਸਟ ਹੈਰੀਟੇਜ ਪ੍ਰੋਡਕਸ਼ਨਜ਼ ਚਲਾ ਰਹੇ ਹਨ।

ਦਰਅਸਲ ਨਿਊਯਾਰਕ ਦੀ ਹਾਫਸਟ੍ਰਾ ਯੂਨੀਵਰਸਿਟੀ ਵੱਲੋਂ ਦਿੱਤਾ ਜਾਣ ਵਾਲਾ ਇਹ 50 ਹਜ਼ਾਰ ਡਾਲਰ ਦਾ ਪੁਰਸਕਾਰ ਹਰ ਦੋ ਸਾਲਾਂ ਬਾਅਦ ਦਿੱਤਾ ਜਾਂਦਾ ਹੈ।

ਇਹ ਪੁਰਸਕਾਰ ਅੰਤਰ ਧਾਰਮਿਕ ਵਿਸ਼ਵਾਸ ਨੂੰ ਉਤਸ਼ਾਹਤ ਕਰਨ 'ਚ ਅਹਿਮ ਕਾਰਜਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ।


The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC

Special offer!

Punjab TRAVELS

ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400

ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more

We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases

"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੋਂ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਯੂ.ਪੀ ਵਿੱਚ ਦਲਿਤ ਔਰਤਾਂ ਦੀ ਬੇਰਹਿਮੀ ਨਾਲ ਕੁੱਟ

ਲਖਨਊ:ਭਾਰਤ ਦੇ ਉੱਤਰ ਪ੍ਰਦੇਸ਼ ਰਾਜ ਵਿੱਚ ਅੰਬੇਡਕਰ ਨਗਰ ਜ਼ਿਲ੍ਹੇ ਦੇ ਜਲਾਲਪੁਰ ਵਿੱਚ ਪੁਲੀਸ ਨੇ ਪ੍ਰਦਰਸ਼ਨ ਕਰ ਰਹੀਆਂ ਦਲਿਤ ਔਰਤਾਂ 'ਤੇ ਲਾਠੀਚਾਰਜ ਕੀਤਾ। ਪੁਲਿਸ ਨੇ ਮੂਰਤੀ ਦੀ ਭੰਨਤੋੜ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੀਆਂ ਔਰਤਾਂ ਖ਼ਿਲਾਫ਼ ਜਾਤੀ ਸੂਚਕ ਗਾਲਾਂ ਦੀ ਵਰਤੋਂ ਵੀ ਕੀਤੀ। ਬੀ ਆਰ ਅੰਬੇਡਕਰ ਦਾ ਦਲਿਤ ਉੱਚ ਜਾਤੀ ਦੇ ਹਿੰਦੂਆਂ ਦੇ ਮੈਂਬਰਾਂ ਦੁਆਰਾ ਬੁੱਤ ਨੂੰ ਸਿਆਹੀ ਨਾਲ ਵਿਗਾੜਨ ਦਾ ਪਤਾ ਲੱਗਣ ਤੋਂ ਬਾਅਦ ਸੜਕ 'ਤੇ ਉਤਰ ਆਏ। ਭਾਵੇਂ ਦਲਿਤਾਂ ਨੇ ਇਲਾਕੇ ਦੀ ਪੁਲੀਸ ਕੋਲ ਰਿਪੋਰਟ ਦਰਜ ਕਰਵਾਈ ਪਰ ਉੱਚ ਜਾਤੀ ਹਿੰਦੂਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ। ਭੀਮ ਆਰਮੀ ਚੰਦਰ ਸ਼ੇਖਰ ਆਜ਼ਾਦ ਨੇ ਆਪਣਾ ਵਿਰੋਧ ਦਰਜ ਕਰਵਾਉਣ ਲਈ ਟਵੀਟ ਕੀਤਾ। ਅੰਬੇਡਕਰ ਨਗਰ 'ਚ ਬਾਬਾ ਸਾਹਿਬ ਦੀ ਮੂਰਤੀ ਨੇੜੇ ਨੀਂਹ ਦੀ ਖੁਦਾਈ ਦਾ ਵਿਰੋਧ ਕਰ ਰਹੀਆਂ ਔਰਤਾਂ 'ਤੇ ਯੋਗੀ ਦੀ ਪੁਲਸ ਨੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ। ਇੱਕ ਪਾਸੇ ਮੋਦੀ ਜੀ ਔਰਤਾਂ ਦੇ ਸਨਮਾਨ ਦੀ ਗੱਲ ਕਰਦੇ ਹਨ ਅਤੇ ਦੂਜੇ ਪਾਸੇ ਯੂਪੀ ਦੀ ਭਾਜਪਾ ਸਰਕਾਰ ਔਰਤਾਂ ਨੂੰ ਡੰਡਿਆਂ ਨਾਲ ਕੁੱਟ ਕੇ ਉਨ੍ਹਾਂ ਦੀ ਇੱਜ਼ਤ ਕਰਦੀ ਹੈ। ਕਹਿਣੀ ਤੇ ਕਰਨੀ ਦਾ ਸੱਚ ਸਾਹਮਣੇ ਹੈ।

# ਸੁਧੀਰ ਸੂਰੀ ਦੇ ਸਿੱਖਾਂ ਵਿਰੁੱਧ ਦਿੱਤੇ ਬਿਆਨਾਂ ਤੋਂ ਦੁਖੀ ਸਨ ਸੰਦੀਪ ਸਿੰਘ

ਅੰਮ੍ਰਿਤਸਰ:ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦਾ ਕਤਲ ਕਰਨ ਵਾਲੇ ਸੰਦੀਪ ਸਿੰਘ ਉਰਫ ਸੰਨੀ ਦੀ ਜਾਂਚ ਵਿਚ ਵੱਡਾ ਖ਼ੁਲਾਸਾ ਹੋਇਆ ਹੈ। ਦਰਅਸਲ ਇਸ ਕਤਲ ਕਾਂਡ ਦੀ ਜਾਂਚ ਕਰ ਰਹੀ ਐੱਸ. ਆਈ. ਟੀ. ਨੂੰ ਜਾਂਚ ਦੌਰਾਨ ਵੱਡੇ ਤੱਥ ਹੱਥ ਲੱਗੇ ਹਨ। ਸੂਤਰਾਂ ਮੁਤਾਬਕ ਹਾਲਾਂਕਿ ਪੁੱਛਗਿੱਛ ਵਿਚ ਮੁਲਜ਼ਮ ਸੰਦੀਪ ਸਿੰਘ ਸੂਰੀ ਵਲੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਇਕ ਵੀਡੀਓ ਕਾਰਣ ਗੁੱਸੇ ਵਿਚ ਸੀ ਅਤੇ ਇਸੇ ਕਾਰਣ ਉਸ ਨੇ ਸੂਰੀ ਨੂੰ ਗੋਲ਼ੀਆਂ ਮਾਰਨ ਦੀ ਗੱਲ ਕਹੀ ਹੈ।ਜਾਂਚ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ 2019 ਤੱਕ ਸੰਦੀਪ ਸਹਿਜਧਾਰੀ ਸੀ। ਐੱਸ. ਆਈ. ਟੀ. ਨੇ ਸੰਦੀਪ ਸਿੰਘ ਦੀ ਬਾਲ ਕਟਿੰਗ ਵਾਲੀਆਂ ਕਈ ਤਸਵੀਰਾਂ ਉਸ ਦੇ ਸੋਸ਼ਲ ਮੀਡੀਆ ਅਕਾਊਂਟਸ ਤੋਂ ਬਰਾਮਦ ਕੀਤੀਆਂ ਹਨ। ਸੂਤਰਾਂ ਮੁਤਾਬਕ ਪੁੱਛਗਿੱਛ ਵਿਚ ਸੰਦੀਪ ਨੇ ਕਿਹਾ ਕਿ ਉਹ ਸੁਧੀਰ ਸੂਰੀ ਦੀ ਸੋਸ਼ਲ ਮੀਡੀਆ 'ਤੇ ਇਕ ਭੜਕਾਊ ਪੋਸਟ ਤੋਂ ਬਹੁਤ ਪ੍ਰੇਸ਼ਾਨ ਸੀ ਅਤੇ ਘਟਨਾ ਵਾਲੇ ਦਿਨ ਜਿਵੇਂ ਹੀ ਉਸ ਨੇ ਸੂਰੀ ਨੂੰ ਆਪਣੀ ਦੁਕਾਨ ਦੇ ਨੇੜੇ ਦੇਖਿਆ ਤਾਂ ਉਸ ਨੇ ਗੋਲ਼ੀਆਂ ਮਾਰ ਕੇ ਉਸ ਦਾ ਕਤਲ ਕਰ ਦਿੱਤਾ।ਜਾਂਚ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਨਿਊ ਪ੍ਰਤਾਪ ਨਗਰ ਦੇ ਰਹਿਣ ਵਾਲੇ ਸੰਦੀਪ ਸੰਨੀ ਨੇ ਸਾਲ 2016 ਵਿਚ ਹਥਿਆਰ ਦਾ ਲਾਇਸੰਸ ਬਣਵਾਇਆ ਸੀ ਅਤੇ ਸਭ ਤੋਂ ਪਹਿਲਾਂ ਸੁਲਤਾਨਵਿੰਡ ਰੋਡ ਸਥਿਤ ਇਕ ਗੰਨ ਹਾਊਸ ਤੋਂ ਰਿਵਾਲਵਰ ਖਰੀਦੀ ਸੀ। ਇਸ ਤੋਂ ਕੁੱਝ ਸਮੇਂ ਬਾਅਦ ਹੀ ਮੁਲਜ਼ਮ ਨੇ ਪਿਸਤੌਲ ਵੀ ਖਰੀਦ ਲਈ। ਉਸ ਨੂੰ ਹਥਿਆਰਾਂ ਦਾ ਸ਼ੌਂਕ ਸੀ।


PAIN

*ICBC Covered *Extended Health Care

MSP Covered Premium Assistance under 10 treatments FREE

| WE TREAT : | ਅਸੀਂ ਇਲਾਜ ਕਰਦੇ ਹਾਂ : |
|---|---|
| • BACK PAIN | • ਪਿੱਠ ਦੀ ਦਰਦ |
| • NECK PAIN | • ਗਰਦਨ ਦੀ ਦਰਦ |
| • HEEL PAIN | • ਅੱਡੀ ਦਾ ਦਰਦ |
| • SHOULDER PAIN | • ਮੋਢਿਆਂ ਦੀ ਦਰਦ |
| • KNEE PAIN | • ਗੋਡਿਆਂ ਦੀ ਦਰਦ |
| • SCIATICA NERVE PAIN | • ਸਕਾਈਟਿਕਾ ਨਰਵ ਦਰਦ |

BEIJING ACUPUNCTURE & TCM CLINIC

604.496.5056




Dr. PARK HUN MYUNG
R.AC LEE SEUNG YEON

9631-136A ST SURREY (ACROSS SURREY MEMORIAL HOSPITAL)
EMAIL: HUNMYPARK@GMAIL.COM



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ:
ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਨਵੰਬਰ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਨਗਰ ਨੰਗਲ ਮੱਝਾ ਦੀ ਕਨੇਡਾ ਨਿਵਾਸੀ ਸੰਗਤ, ਭਾਈ ਗੁਰਦੇਵ ਸਿੰਘ ਦੇਹਲ ਪਰਿਵਾਰ ਅਤੇ ਭਾਈ ਸਤਨਾਮ ਸਿੰਘ ਜੌਹਲ ਪਰਿਵਾਰ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ।

ਇਹ ਅਖੰਡਪਾਠ ਸਾਹਿਬ 11 ਨਵੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 13 ਨਵੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*12 ਨਵੰਬਰ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਵੀਰ ਸਿੰਘ ਔਜਲਾ ਪਰਿਵਾਰ ਵੱਲੋਂ ਹੋਵੇਗੀ।

*13 ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਬੀਬੀ ਹਰਪ੍ਰੀਤ ਕੌਰ ਗਿੱਲ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ 11.30 ਵਜੇ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਹੋਵੇਗੀ।

*13 ਨਵੰਬਰ ਦਿਨ ਐਤਵਾਰ ਸਵੇਰੇ 11 ਵਜੇ ਭਾਈ ਚੰਦ ਸਿੰਘ ਮੱਲ੍ਹੀ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ 12.30 ਵਜੇ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਹੋਵੇਗੀ।

*13 ਨਵੰਬਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕਰਨੈਲ ਸਿੰਘ ਮੁੰਡੀ ਪਰਿਵਾਰ ਅਤੇ ਭਾਈ ਮਨਪ੍ਰੀਤ ਸਿੰਘ ਕੂਨਰ ਪਰਿਵਾਰ ਵੱਲੋਂ ਹੋਵੇਗੀ।

*15 ਨਵੰਬਰ ਦਿਨ ਮੰਗਲਵਾਰ ਦੁਪਹਿਰ 2 ਵਜੇ ਬੀਬੀ ਬਲਵੰਤ ਕੌਰ ਸਰਾਂ ਦਾ ਅੰਤਮ ਸਸਕਾਰ ਰਿਵਰਸਾਈਡ ਫਿਊਨਰਲ ਹੋਮ ਵਿਖੇ ਹੋਵੇਗਾ।ਉਪਰੰਤ 3.30 ਵਜੇ ਉਹਨਾਂ ਨਮਿਤ ਗੁਰੂਘਰ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਹੋਵੇਗੀ।

*17 ਨਵੰਬਰ ਦਿਨ ਵੀਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਹਰਪਾਲ ਸਿੰਘ ਅਤੇ ਬੀਬੀ ਸੁਰਿੰਦਰ ਕੌਰ ਪਰਿਵਾਰ ਵੱਲੋਂ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ

ਫੋਨ:604-590-3232, 778-713-5121, 604-590-3224, ਫੈਕਸ:604-572-3276

# ਜਗੀਰ ਕੌਰ:ਟੌਹੜਾ ਤੋਂ ਬੀਬੀ ਤੱਕ, ਅਕਾਲੀ ਦਲ ਦੇ 'ਨਿਘਾਰ' ਦੀ ਕਹਾਣੀ

ਅੰਮ੍ਰਿਤਸਰ:ਜਗੀਰ ਕੌਰ ਦਾ ਕਹਿਣਾ ਹੈ ਕਿ 'ਲੀਡਰ ਪਹਿਲਾਂ ਵੀ ਆਵਾਜ਼ ਚੁੱਕਦੇ ਰਹੇ ਹਨ ਪਰ ਪਾਰਟੀ ਨੇ ਹਮੇਸ਼ਾ ਸੱਚ ਨੂੰ ਫਾਂਸੀ ਦਿੱਤੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੂੰ ਪਾਰਟੀ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਜਗੀਰ ਕੌਰ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਸਖ਼ਤ ਟਿੱਪਣੀ ਕਰਦਿਆਂ ਕਿਹਾ, ''ਪੰਜਾਬ ਦੇ ਲੋਕਾਂ ਨੇ ਜਿਨ੍ਹਾਂ ਨੂੰ ਪਹਿਲਾਂ ਹੀ ਬਾਹਰ ਕੀਤਾ ਹੋਇਆ ਹੈ, ਉਹ ਮੈਨੂੰ ਕੀ ਕੱਢਣਗੇ।''ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਹਿਦੇ ਹਨ ਕਿ ਜਗੀਰ ਕੌਰ ਆਜ਼ਾਦ ਫੈਸਲੇ ਲੈਣ ਦੀ ਹਿੰਮਤ ਰੱਖਦੀ ਹੈ, ਜੋ ਗੁਰੂਘਰ ਦੀ ਮਰਿਆਦਾ ਦੀ ਉਲੰਘਣਾ ਬਰਦਾਸ਼ਤ ਨਹੀਂ ਕਰਦੀ। ਅਕਾਲੀ ਦਲ ਦੀ ਲੀਡਰਸ਼ਿਪ ਦੇ ਸੰਕਟ, ਬਗਾਵਤ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਵਰਤੇ ਜਾਂਦੇ ਕਥਿਤ ਲਿਫਾਫਾ ਸੱਭਿਆਚਾਰ ਬਾਰੇ ਜਗਤਾਰ ਸਿੰਘ ਨਾਲ ਗੱਲਬਾਤ ਕੀਤੀ ਬੀਬੀਸੀ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਨੇ। ਜਿਸ ਦੇ ਚੋਣਵੇਂ ਅੰਸ਼ ਇੱਥੇ ਛਾਪੇ ਦਾ ਰਹੇ ਹਨ।

**ਸਵਾਲ: ਬੀਬੀ ਜਗੀਰ ਕੌਰ ਦੀ ਬਗਾਵਤ ਅਤੇ ਬਰਖਾਸਤਗੀ ਦਾ ਅਕਾਲੀ ਦਲ ਉਪਰ ਕੀ ਅਸਰ ਪਵੇਗਾ?**

ਜਗਤਾਰ ਸਿੰਘ: ਜਦੋਂ ਬੀਬੀ ਜਗੀਰ ਕੌਰ ਵੱਲੋਂ ਚੋਣ ਲੜਨ ਦੇ ਐਲਾਨ ਦੀ ਖ਼ਬਰ ਆਈ ਸੀ ਤਾਂ ਉਸ ਦਿਨ ਹੀ ਤੈਅ ਹੋ ਗਿਆ ਸੀ ਕਿ ਜੇਕਰ ਉਹ ਪਿੱਛੇ ਨਾ ਹਟੇ, ਉਹਨਾਂ ਨੂੰ ਪਾਰਟੀ ਵਿੱਚੋਂ ਕੱਢਿਆ ਜਾਵੇਗਾ। ਅਕਾਲੀ ਦਲ ਦੀ ਪ੍ਰਧਾਨਗੀ ਬਾਦਲ ਪਰਿਵਾਰ ਕੋਲ ਆਉਣ ਤੋਂ ਬਾਅਦ ਜਗੀਰ ਕੌਰ ਦੂਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਹਨ, ਜਿਨ੍ਹਾਂ ਨੂੰ ਪਾਰਟੀ ਨੇ ਬਾਹਰ ਦਾ ਰਸਤਾ ਦਿਖਾਇਆ ਹੈ। ਇਸ ਤੋਂ ਪਹਿਲਾਂ 1999 ਵਿੱਚ ਗੁਰਚਰਨ ਸਿੰਘ ਟੌਹੜਾ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਸੀ। ਹੁਣ ਮੁੱਦਾ ਇਹ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ ਵਰਗੀਆਂ ਸੰਸਥਾਵਾਂ ਵਿੱਚ ਜੋ ਨਿਘਾਰ ਪਿਛਲੇ ਸਾਲਾਂ ਵਿੱਚ ਆਇਆ ਹੈ, ਉਸ ਨੂੰ ਠੀਕ ਕਿਵੇਂ ਕਰਨਾ ਹੈ?ਜਦੋਂ ਤੱਕ ਇਹ ਸੰਸਥਾਵਾਂ ਮੁੜ ਸੁਰਜੀਤ ਨਹੀਂ ਹੁੰਦੀਆਂ, ਉਦੋਂ ਤੱਕ ਅਕਾਲੀ ਦਲ ਵੀ ਮੁੜ ਸੁਰਜੀਤ ਨਹੀਂ ਹੋਵੇਗਾ। ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਨੂੰ ਵਾਰ-ਵਾਰ ਲੋਕਾਂ ਵੱਲੋਂ ਨਕਾਰਿਆ ਜਾ ਰਿਹਾ ਹੈ। ਸੰਗਰੂਰ ਜ਼ਿਮਨੀ ਚੋਣ ਵਿੱਚ ਵੀ ਅਕਾਲੀ ਦਲ ਭਾਜਪਾ ਨਾਲੋਂ ਹੇਠਾਂ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਕਿਸੇ ਵੇਲੇ ਵੀ ਐਲਾਨ ਹੋ ਸਕਦੇ ਹੈ ਪਰ ਆਮ ਲੋਕ ਮਤ ਹੈ ਕਿ ਅਕਾਲੀ ਦਲ ਇਸ ਵਿਚੋਂ ਬਾਹਰ ਹੋਵੇਗਾ। ਬੇਸ਼ੱਕ ਕੋਈ ਵੀ ਜਿੱਤੇ ।

**ਸਵਾਲ: ਜਗੀਰ ਕੌਰ ਖੁਦ ਸੱਤਾ ਮਾਣ ਚੁੱਕੇ ਹਨ ਪਰ ਲਿਫਾਫੇ ਦੀ ਰੀਤ ਉਪਰ ਹੁਣ ਸਵਾਲ ਕਿਉਂ ਉਠਾ ਰਹੇ ਹਨ?**

ਜਗਤਾਰ ਸਿੰਘ: ਇਹ ਮੌਕਾ ਪ੍ਰਸਤੀ ਵੀ ਹੋ ਸਕਦੀ ਹੈ। ਜਦਕਿ ਮੁੱਦੇ ਮੌਕੇ ਉਪਰ ਚੁੱਕੇ ਜਾਂਦੇ ਹਨ। ਬੀਬੀ ਜਗੀਰ ਕੌਰ ਖੁਦ ਪਹਿਲੀ ਵਾਰ ਲਿਫਾਫਾ ਕਲਚਰ ਵਿੱਚੋਂ ਪ੍ਰਧਾਨ ਬਣੇ ਸਨ।

**ਸਵਾਲ: ਅਸਲ ਵਿੱਚ ਲਿਫਾਫਾ ਕਲਚਰ ਹੈ ਕੀ ?**

ਜਗਤਾਰ ਸਿੰਘ: ਪ੍ਰਧਾਨਗੀ ਦੀ ਚੋਣ ਤੋਂ ਇਕ ਦਿਨ ਪਹਿਲਾਂ ਅਕਾਲੀ ਦਲ ਦੀ ਮੀਟਿੰਗ ਹੁੰਦੀ ਸੀ ਅਤੇ ਪਾਰਟੀ ਪ੍ਰਧਾਨ ਨੂੰ ਸਭ ਅਧਿਕਾਰ ਦੇ ਦਿੱਤੇ ਜਾਂਦੇ ਸਨ। ਉਹ ਹੀ ਸਾਰੇ ਉਮੀਦਵਾਰ ਤੈਅ ਕਰਦਾ ਸੀ ਅਤੇ ਅਗਲੇ ਦਿਨ ਇਜ਼ਲਾਸ ਵਿੱਚ ਪ੍ਰਧਾਨਗੀ ਅਤੇ ਹੋਰ ਅਹੁਦਿਆਂ ਦੀ ਲਿਸਟ ਹੀ ਆਉਂਦੀ ਸੀ।

**ਸਵਾਲ : ਜਗੀਰ ਕੌਰ ਖ਼ਿਲਾਫ਼ ਕਰਾਵਾਈ ਵਾਲੀਆਂ ਇਹਨਾਂ ਹਲਾਤਾਂ ਵਿਚ ਕਿਸ ਦਾ ਨੁਕਸਾਨ ਹੈ, ਅਕਾਲੀ ਦਲ ਦਾ ਜਾਂ ਜਗੀਰ ਕੌਰ ਦਾ?**

ਜਗਤਾਰ ਸਿੰਘ : ਅਕਾਲੀ ਦਲ ਸਿੱਖਾਂ ਦੀ ਇੱਕ ਸੰਸਥਾ ਸੀ। ਮੈਂ ਇਸ ਨੂੰ ਪੰਥਕ ਸਿਆਸਤ ਦਾ ਤੀਜਾ ਥੰਮ ਗਿਣਦਾ ਹਾਂ। ਪਹਿਲਾ ਅਕਾਲ ਤਖ਼ਤ ਸਾਹਿਬ, ਦੂਜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਤੀਜੇ ਨੰਬਰ ਉਪਰ ਅਕਾਲੀ ਦਲ ਹੈ, ਜੋ ਸ਼੍ਰੋਮਣੀ ਕਮੇਟੀ ਨੇ ਬਣਾਇਆ ਸੀ। ਸਾਲ 2015 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਰਹਾਇਸ ਉਪਰ ਜਥੇਦਾਰਾਂ ਨੂੰ ਬੁਲਾ ਕੇ ਮੀਟਿੰਗ ਕੀਤੀ, ਜੋ ਮਰਿਆਦਾ ਦੇ ਖਿਲਾਫ਼ ਸੀ। ਇਹ ਪਾਰਟੀ ਵੱਲੋਂ ਇਹਨਾਂ ਸੰਸਥਾਵਾਂ ਨੂੰ ਚਲਾਏ ਜਾਣ ਦੀ ਇੱਕ ਉਦਾਹਰਣ ਹੈ। ਇਸ ਮੀਟਿੰਗ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫੀ ਦੀ ਕਰਵਾਈ ਲਈ ਕਿਹਾ ਗਿਆ। ਪਰ ਜਗੀਰ ਕੌਰ ਨੇ ਹੁਣ ਲਕੀਰ ਖਿੱਚ ਦਿੱਤੀ ਹੈ। ਇਸ ਸਮੇਂ ਨੁਕਸਾਨ ਅਕਾਲੀ ਦਲ ਦਾ ਹੋ ਰਿਹਾ ਹੈ। ਪਾਰਟੀ ਕੋਲ ਸਿਰਫ਼ ਤਿੰਨ ਵਿਧਾਇਕ ਰਹਿ ਗਏ ਹਨ। ਮੇਰੇ ਮੁਤਾਬਕ ਮੌਜੂਦਾ ਲੀਡਰਸ਼ਿਪ ਨਾਲ ਅਕਾਲੀ ਦਲ ਮੁੜ ਸੁਰਜੀਤ ਨਹੀਂ ਹੋ ਸਕਦਾ।

**ਸਵਾਲ: ਕੀ ਇਸ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਰੌਚਕ ਹੋ ਗਈ ਹੈ?**

ਜਗਤਾਰ ਸਿੰਘ: ਇਹ ਚੋਣ ਹਰਜਿੰਦਰ ਸਿੰਘ ਧਾਮੀ ਅਤੇ ਜਗੀਰ ਕੌਰ ਵਿਚਕਾਰ ਨਹੀਂ ਹੈ ਸਗੋਂ ਸੁਖਬੀਰ ਸਿੰਘ ਬਾਦਲ ਅਤੇ ਜਗੀਰ ਕੌਰ ਵਿਚਕਾਰ ਹੋ ਗਈ ਹੈ। ਹੁਣ ਮਸਲਾ ਇਹ ਹੋ ਗਿਆ ਹੈ ਕਿ ਸਿੱਖ ਸੰਸਥਾਵਾਂ ਨੂੰ ਮੁੜ ਸੁਰਜੀਤ ਕਿਵੇਂ ਕਰਨਾ ਹੈ ਅਤੇ ਅਕਾਲੀ ਦਲ ਕਿਵੇਂ ਮੁੜ ਤੋਂ ਖੜਾ ਹੋ ਸਕਦਾ ਹੈ?ਜੇਕਰ ਬੀਬੀ 40 ਤੋਂ 50 ਵੋਟਾਂ ਵੀ ਲੈ ਜਾਂਦੀ ਹੈ ਤਾਂ ਸੁਖਬੀਰ ਬਾਦਲ ਉਪਰ ਸਵਾਲ ਖੜਾ ਹੋ ਜਾਵੇਗਾ। ਲੋਕਾਂ ਤੋਂ ਬਾਅਦ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁਖਬੀਰ ਦੀ ਲੀਡਰਸ਼ਿਪ ਉਪਰ ਸਵਾਲ ਖੜੇ ਕਰਦੇ ਹਨ ਤਾਂ ਇਹ ਵੱਡੀ ਗੱਲ ਹੋ ਜਾਵੇਗੀ।

**ਸਵਾਲ: ਟੌਹੜਾ, ਢੀਂਡਸਾ ਅਤੇ ਹੋਰ ਵੱਡੇ ਲੀਡਰਾਂ ਨੇ ਵੀ ਬਗਾਵਤਾਂ ਕੀਤੀਆਂ ਪਰ ਅਕਾਲੀ ਦਲ ਨੂੰ ਫਰਕ ਨਹੀਂ ਪਿਆ। ਬੀਬੀ ਦੇ ਵਿਦਰੋਹ ਨਾਲ ਕੁਝ ਹੋਵੇਗਾ ?**

ਜਗਤਾਰ ਸਿੰਘ: ਅਕਾਲੀ ਦਲ ਨੂੰ ਖੋਰਾ 1999 ਤੋਂ ਹੀ ਲੱਗਣਾ ਸ਼ੁਰੂ ਹੋ ਗਿਆ ਸੀ। ਇਹਨਾਂ ਨੂੰ ਲੱਗਾ ਹੈ ਕਿ ਸੁਖਦੇਵ ਸਿੰਘ ਢੀਂਡਸਾ ਜਾਂ ਰਣਜੀਤ ਸਿੰਘ ਬ੍ਰਹਮਪੁਰਾ ਦੇ ਜਾਣ ਨਾਲ ਫ਼ਰਕ ਨਹੀਂ ਪਿਆ ਪਰ ਲੋਕ ਫ਼ਰਕ ਪਾਉਂਦੇ ਹਨ। ਇਹ ਸਭ ਚੋਣਾਂ ਵਿੱਚ ਦਿਖਦਾ ਹੈ। ਪਾਰਟੀ ਲਈ ਸੰਕਟ ਦੀ ਘੜੀ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਅਹਿਮ ਹੋਵੇਗੀ ਇੱਕ ਤਰ੍ਹਾਂ ਨਾਲ ਅਕਾਲੀ ਦਲ ਦੀ ਹੋਂਦ ਦੇ ਨਜ਼ਰੀਏ ਨਾਲ ਕਾਫ਼ੀ ਅਹਿਮ ਹੋਵੇਗੀ।

## ਰੂਸ ਨਾਲ ਗੱਲਬਾਤ ਲਈ ਤਿਆਰ ਹਾਂ: ਜ਼ੇਲੈਂਸਕੀ

ਕੀਵ:-ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਉਹ ਰੂਸ ਨਾਲ ਸ਼ਾਂਤੀ ਸਬੰਧੀ ਗੱਲਬਾਤ ਲਈ ਤਿਆਰ ਹਨ। ਉਨ੍ਹਾਂ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਲਈ ਆਪਣੀਆਂ ਸ਼ਰਤਾਂ ਦੁਹਰਾਉਂਦਿਆਂ ਕਿਹਾ ਕਿ ਰੂਸ ਵੱਲੋਂ ਯੂਕਰੇਨ ਦੀ ਕਬਜ਼ਾ ਕੀਤੀ ਸਾਰੀ ਜ਼ਮੀਨ ਵਾਪਸ ਕੀਤੀ ਜਾਵੇ ਅਤੇ ਜੰਗ ਦੌਰਾਨ ਹੋਏ ਨੁਕਸਾਨ ਲਈ ਮੁਆਵਜ਼ਾ ਦਿੱਤਾ ਜਾਵੇ ਅਤੇ ਜੰਗੀ ਤਸ਼ੱਦਦ ਕਰਨ ਵਾਲਿਆਂ 'ਤੇ ਕੇਸ ਚਲਾਏ ਜਾਣ। ਜ਼ਿਕਰਯੋਗ ਹੈ ਕਿ ਰੂਸ ਤੇ ਯੂਕਰੇਨ ਵਿਚਾਲੇ ਜੰਗ ਦੇ ਸ਼ੁਰੂਆਤੀ ਦੌਰ ਵਿੱਚ ਦੋਹਾਂ ਦੇਸ਼ਾਂ ਵਿਚਾਲੇ ਸ਼ਾਂਤੀ ਲਈ ਬੇਲਾਰੂਸ ਤੇ ਤੁਰਕੀ ਵਿੱਚ ਗੱਲਬਾਤ ਦੇ ਕਈ ਦੌਰ ਚੱਲੇ ਸਨ ਜੋ ਬੇਨਤੀਜਾ ਰਹੇ ਸਨ। ਮਾਰਚ ਮਹੀਨੇ ਵਿੱਚ ਇਸਤਾਨਬੁੱਲ 'ਚ ਦੋਹਾਂ ਦੇਸ਼ਾਂ ਦੇ ਵਫਦਾਂ ਦੀ ਆਖਰੀ ਗੱਲਬਾਤ ਹੋਈ ਸੀ ਪਰ ਕੋਈ ਨਤੀਜਾ ਨਹੀਂ ਨਿਕਲਿਆ ਸੀ।

## ਭਾਜਪਾ ਡਬਲ ਇੰਜਣ 'ਚ ਤੇਲ ਪਾਉਣਾ ਭੁੱਲੀ:ਪ੍ਰਿਅੰਕਾ

ਊਨਾ:ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਭਾਜਪਾ ਦੀ 'ਡਬਲ ਇੰਜਣ' ਸਰਕਾਰ ਪਿਛਲੇ ਪੰਜ ਸਾਲਾਂ ਤੋਂ ਹਿਮਾਚਲ 'ਚ ਹੈ, ਪਰ ਸ਼ਾਇਦ ਉਹ ਇੰਜਣ 'ਚ ਤੇਲ ਪਾਉਣਾ ਭੁੱਲ ਗਏ । ਉਨ੍ਹਾ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਕਸਰ ਕੀਤੀ ਜਾਂਦੀ ਇਹ ਟਿੱਪਣੀ ਕਿ ਵਾਰ-ਵਾਰ ਦਵਾਈਆਂ ਬਦਲਣ ਨਾਲ ਰੋਗ ਦੇ ਇਲਾਜ 'ਚ ਮਦਦ ਨਹੀਂ ਮਿਲਦੀ, ਦੇ ਹਵਾਲੇ ਨਾਲ ਕਿਹਾ ਕਿ ਲੋਕਾਂ ਨੂੰ ਦੱਸਿਆ ਜਾ ਰਿਹੈ ਕਿ ਉਹ ਬਿਮਾਰ ਹਨ ਤੇ ਪੁਰਾਣੀ ਦਵਾਈ ਲੈਣੀ ਜਾਰੀ ਰੱਖਣ । ਉਨ੍ਹਾ ਕਿਹਾ ਕਿ ਜੇ ਕਾਂਗਰਸ ਸੱਤਾ 'ਚ ਆਈ ਤਾਂ ਪਹਿਲੀ ਕੈਬਨਿਟ ਮੀਟਿੰਗ 'ਚ ਸੂਬੇ ਦੇ ਲੋਕਾਂ ਲਈ ਇਕ ਲੱਖ ਨੌਕਰੀਆਂ ਤੇ ਪੁਰਾਣੀ ਪੈਨਸ਼ਨ ਬਹਾਲੀ ਦੇ ਫੈਸਲਿਆਂ ਨੂੰ ਮਨਜ਼ੂਰੀ ਦੇਵੇਗੀ ।

## ਕੈਨੇਡਾ 'ਚ ਇੱਕ ਲੱਖ ਭਾਰਤੀਆਂ ਨੂੰ ਮਿਲੀ ਪੀ.ਆਰ

ਟੋਰਾਂਟੋ-ਕੈਨੇਡਾ 'ਚ ਸਾਲ 2021 ਦੌਰਾਨ ਇੱਕ ਲੱਖ ਭਾਰਤੀ ਪੱਕੇ ਵਸਨੀਕ (ਪੀ.ਆਰ) ਬਣੇ ਹਨ ਜਦਕਿ ਇਸ ਦੌਰਾਨ ਚਾਰ ਲੱਖ ਤੋਂ ਵੱਧ ਲੋਕ ਕੈਨੇਡਾ 'ਚ ਦਾਖਲ ਵੀ ਹੋਏ ਹਨ। ਜਿਨਾ ਵਿੱਚ ਬਹੁ ਗਿਣਤੀ ਪੰਜਾਬੀਆਂ ਦੀ ਹੈ। ਪਿਛਲੇ ਹਫਤੇ 2023-2025 ਲਈ ਇਮੀਗ੍ਰੇਸ਼ਨ ਪੱਧਰੀ ਯੋਜਨਾ ਦਾ ਐਲਾਨ ਕਰਦਿਆਂ ਕੈਨੇਡਾ ਨੇ ਕਿਹਾ ਕਿ ਉਹ ਰਿਕਾਰਡ 5,00,000 ਨਵੇਂ ਪੱਕੇ ਵਸਨੀਕਾਂ ਦਾ ਸਵਾਗਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਕਰੀਆਂ ਦੀ ਬਿਹਤਰ ਸੰਭਾਵਨਾ ਅਤੇ ਸਮੁੱਚੇ ਤੌਰ 'ਤੇ ਬਿਹਤਰ ਜ਼ਿੰਦਗੀ ਲਈ ਭਾਰਤੀ ਲੋਕ ਕੈਨੇਡਾ ਵੱਲ ਪਰਵਾਸ ਕਰ ਰਹੇ ਹਨ। 2021 ਵਿੱਚ ਲਗਭਗ 1,00,000 ਭਾਰਤੀ ਕੈਨੇਡਾ ਦੇ ਪੱਕੇ ਵਸਨੀਕ ਬਣ ਗਏ ਕਿਉਂਕਿ ਦੇਸ਼ ਨੇ ਆਪਣੇ ਇਤਿਹਾਸ ਵਿੱਚ ਰਿਕਾਰਡ 4,05,000 ਨਵੇਂ ਪਰਵਾਸੀਆਂ ਨੂੰ ਦੇਸ਼ ਅੰਦਰ ਦਾਖਲਾ ਦਿੱਤਾ ਹੈ। ਸਟੈਟਿਸਟਿਕਸ ਕੈਨੇਡਾ ਨੇ ਭਵਿੱਖਬਾਣੀ ਕੀਤੀ ਹੈ ਕਿ ਦੇਸ਼ ਦੀ ਪਰਵਾਸੀ ਅਬਾਦੀ 2041 ਤੱਕ 34 ਫੀਸਦ ਤੱਕ ਵੱਧ ਜਾਵੇਗੀ।


Injured in an accident?
ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ। ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ। ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999

Mandeep Randhawa,
*B.Sc., L.L.B (UBC)*

TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

Qualicare®

# Alzheimer's and Dementia Care

## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ।ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

**Caring for a loved one with Alzheimer's or dementia can feel all-consuming. Whether you're providing that care on your own or concerned about someone else who is, we understand how hard it is to know when the time is right to invite in outside help. Truth is your loved one ought to be in the care of compassionate, competent hands, but with diseases as relentless as Alzheimer's and dementia, it's not sustainable for those hands to be yours alone. Caregivers need respite to avoid burnout. At Qualicare, we come alongside you with holistic home care solutions, designed to help slow the progression of Alzheimer's and dementia while keeping your loved one calm and healthy. Under the guidance of a local Care Expert who is experienced in brain-health management, we'll collaborate with your family to develop and execute a plan that promises: CALMING CARE From studying your loved one's favor.**

**From the very first phone call we'll help your clients get the right care at the right time. Our Care Experts are always available so call 1 888 591 0017 or visit qualicare.com to get started.**

### CALMING CARE

From studying your loved one's favorite foods to understanding each quirk, our team will know what makes your loved one tick and offer a compassionate response that keeps the environment calm and controlled. Since Alzheimer's and dementia are progressive, the earlier we can help the more impact we can make.

### RELIABLE CAREGIVERS

It won't take long for our care team to feel like family. And, since your loved one may be particularly sensitive to new faces, we take intentional measures to keep the team consistent. It's the same reason we want to help you keep your loved one at home, in a familiar environment.

### BRAIN-HEALTHY ACTIVITIES

Our caregivers are trained and equipped with tools and activities that can slow the progression of Alzheimer's and dementia, and they build these into the day as often as they can. We'll offer helpful tips on things your family can experiment with, too.

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

***Top Quality *Friendly Service * On Time & Free Delivery**

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**

ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ

ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ

**Foam Mattress**

Single $99 Double $129 Queen $149

**Matresses**

Single $149.00 Double $249.00
Queen $299.00

ਗੌਦਰੇਜ
ਦੀ ਅਲਮਾਰੀ
ਕੀਮਤ
$599.00

**Paul Narwal & Patrick 604-503-4457 ਜਾਂ 236-868-1628**

# ਡਰੀਮ ਬੈਂਕੁਇਟ ਹਾਲ ਦੇ ਸਮੂਹ ਸਟਾਫ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਆਪ ਸਭ ਨੂੰ ਲੱਖ ਲੱਖ ਵਧਾਈ

# JSW TRANSPORT LTD.

**Canada & US Customs Bonded Carrier**

Email:info@jswtransport.com

## Looking for Qualified LONG TERM Class1 Drivers & Owner Operators

**Qualifications and Skills**

*Drivers must have valid class1 driver license *Drivers with work permit can apply too
*Driver must have valid US visa to cross the border *Must be able to take pre-employment drug & alcohal testing screen *6 month over the road expericence but fresh driver also welcome

## Call for more information at 604-595-1555 or Fax:800-556-2026

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530

## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

*11 ਨਵੰਬਰ ਦਿਨ ਸ਼ੁੱਕਰਵਾਰ ਤੋਂ 13 ਨਵੰਬਰ ਦਿਨ ਐਤਵਾਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਭੁਪਿੰਦਰ ਸਿੰਘ ਚੀਮਾ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*11 ਨਵੰਬਰ ਦਿਨ ਸ਼ੁੱਕਰਵਾਰ ਤੋਂ 13 ਨਵੰਬਰ ਦਿਨ ਐਤਵਾਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸ. ਜਗਤਾਰ ਸਿੰਘ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*12 ਨਵੰਬਰ ਦਿਨ ਸ਼ਨੀਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਰਾਜਵੰਤ ਸਿੰਘ ਬਾਠ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

*13 ਨਵੰਬਰ ਦਿਨ ਐਤਵਾਰ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਦੁਪਿਹਰ 12 ਵਜੇ:ਨਮਿਤ ਸਵ: ਬੀਬੀ ਮਹਿੰਦਰ ਕੌਰ ਲਿੱਟ:ਵੱਲੋਂ ਸਮੂਹ ਲਿੱਟ ਪਰਿਵਾਰ

*13 ਨਵੰਬਰ ਦਿਨ ਐਤਵਾਰ ਸਹਿਜ ਪਾਠ ਭੋਗ ਅਤੇ ਅੰਤਮ ਅਰਦਾਸ ਦੁਪਹਿਰ 12 ਵਜੇ:ਨਮਿਤ ਸਵ: ਬੀਬੀ ਜਸਵੰਤ ਕੌਰ ਗਰੇਵਾਲ:ਵੱਲੋਂ ਸ. ਕੁਲਵਿੰਦਰ ਸਿੰਘ ਗਰੇਵਾਲ ਅਤੇ ਸਮੂਹ ਗਰੇਵਾਲ ਪਰਿਵਾਰ

*13 ਨਵੰਬਰ ਦਿਨ ਐਤਵਾਰ ਸ਼ਾਮ ਦੇ ਲੰਗਰ ਦੀ ਸੇਵਾ ਸ. ਇੱਕਬਾਲ ਸਿੰਘ ਗਿੱਲ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

*ਰਾਗੀ ਜਥਾ –ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ
*ਰਾਗੀ ਜਥਾ ਭਾਈ ਰਣਜੋਧ ਸਿੰਘ ਜੀ ਫਰੀਦਕੋਟ ਵਾਲੇ
*ਕਥਾ ਵਾਚਕ –ਭਾਈ ਜੈਵੀਰ ਸਿੰਘ
*ਢਾਢੀ ਜਥਾ–ਭਾਈ ਮਲਕੀਤ ਸਿੰਘ ਜੀ ਲੌਂਗੋਵਾਲ ਦਾ ਜਥਾ

### ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

ਗੁਰਦੁਆਰਾ ਸਾਹਿਬ:604-504-5530,

ਬਲਵੀਰ ਸਿੰਘ ਬਨਵੈਤ (ਮੁੱਖ ਸੇਵਾਦਾਰ) 604-636-4247, ਮਨਜੀਤ ਸਿੰਘ ਗਰੇਵਾਲ:778-908-1570

ਗਿਆਨੀ ਬਲਰਾਜ ਸਿੰਘ (ਗ੍ਰੰਥੀ):236-887-5274, ਗਿ. ਨਵਜੋਤ ਸਿੰਘ ਜੀ(ਗ੍ਰੰਥੀ):226-509-6600

# ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਨ ਜਿਊਣ ਦਾ ਰਸਤਾ ਦਿਖਾਇਆ:ਮੋਦੀ

ਦਿੱਲੀ-ਉਹ ਪਹਿਲੇ ਸਿੱਖ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਲਾਲਪੁਰਾ ਦੇ ਨਿਵਾਸ ਸਥਾਨ ਉਤੇ ਆਯੋਜਿਤ ਸਮਾਗਮ 'ਚ ਸ਼ਾਮਲ ਹੋਏ। ਇਸ ਸਮੇਂ ਪੀਐਮ ਮੋਦੀ ਨੇ ਕਿਹਾ ਕਿ 26 ਦਸੰਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਦੀ ਯਾਦ ਵਿੱਚ 'ਵੀਰ ਬਾਲ ਦਿਵਸ' ਮਨਾਉਣ ਦੀ ਸ਼ੁਰੂਆਤ ਹੋ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਨ ਜਿਊਣ ਦਾ ਰਸਤਾ ਦਿਖਾਇਆ। ਉਨ੍ਹਾਂ ਕਿਹਾ ਸੀ ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਇਸ ਇੱਕ ਵਾਕ ਵਿੱਚ ਅਧਿਆਤਮਿਕ ਚਿੰਤਨ ਵੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਸਿੱਖ ਪਰੰਪਰਾਵਾਂ ਅਤੇ ਵਿਰਾਸਤ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਹਨ। ਇਸ ਦੌਰਾਨ ਉਨ੍ਹਾਂ ਅਰਦਾਸ ਵਿਚ ਵੀ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਜਾਣਦੇ ਹੋ ਕਿ ਮੈਂ ਪੰਜਾਬ ਵਿਚ ਇੱਕ ਕਾਰਕੁਨ ਵਜੋਂ ਲੰਮਾ ਸਮਾਂ ਬਿਤਾਇਆ ਹੈ। ਉਸ ਦੌਰਾਨ ਕਈ ਵਾਰ ਹਰਿਮੰਦਰ ਸਾਹਿਬ ਮੱਥਾ ਟੇਕਣ ਦਾ ਮੌਕਾ ਮਿਲਿਆ। ਪੀਐਮ ਮੋਦੀ ਨੇ ਕਿਹਾ ਕਿ ਅਸੀਂ ਸੀਏਏ ਐਕਟ ਲਿਆ ਕੇ ਵੰਡ ਤੋਂ ਪ੍ਰਭਾਵਿਤ ਹਿੰਦੂ-ਸਿੱਖ ਪਰਿਵਾਰਾਂ ਨੂੰ ਨਾਗਰਿਕਤਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਪੀਐਮ ਮੋਦੀ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਅਫਗਾਨਿਸਤਾਨ ਵਿੱਚ ਸਥਿਤੀ ਕਿਵੇਂ ਵਿਗੜ ਗਈ ਸੀ, ਹਿੰਦੂ-ਸਿੱਖ ਪਰਿਵਾਰਾਂ ਨੂੰ ਵਾਪਸ ਲਿਆਉਣ ਦੀ ਮੁਹਿੰਮ ਚਲਾਈ ਗਈ। ਉਹ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸੁਰੱਖਿਅਤ ਲੈ ਕੇ ਆਏ। ਉਨ੍ਹਾਂ ਨੇ ਪੰਜਾਬ ਅਤੇ ਸਿੱਖ ਧਰਮ ਦਾ ਦੇਸ਼ ਨੂੰ ਦਿੱਤੇ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਸਤੇ ਉਤੇ ਚੱਲਣ ਦੀ ਪ੍ਰੇਰਣਾ ਵੀ ਦਿੱਤੀ।

# ਹਾਰਨਾ ਅਤੇ ਹੁੱਸਣਾ

## ਹਾਰ ਜਾਣਾ ਹਾਰਨਾ ਨਹੀਂ ਹੁੰਦਾ, ਹੁੱਸ ਜਾਣਾ ਦਰਅਸਲ ਹਾਰਨਾ ਹੁੰਦਾ

ਚਮਕੌਰ ਦੀ ਵੱਡੀ ਅਤੇ ਅਸਾਵੀਂ ਜੰਗ ਹਾਰੀ ਕਹੀ ਜਾ ਹੀ ਨਹੀ ਸਕਦੀ ਕਿਓਂਕਿ ਲੜਨ ਵਾਲੇ ਹੁੱਸੇ ਨਾ ਸਨ। ਓਨੀ ਥੋੜੇ ਦਿਨਾ ਬਾਅਦ ਹੀ ਖਿਦਰਾਣੇ ਦੀ ਢਾਬ ਉਤੇ ਦੁਸ਼ਮਣਾ ਦੇ ਫਿਰ ਜਾ ਦੰਦ ਖੱਟੇ ਕੀਤੇ।

35 ਹਜਾਰ ਬੰਦਾ ਇਕ ਦਿਨ ਵਿਚ ਵੱਢ ਟੁਕ ਕੇ ਅਬਦਾਲੀ ਨੂੰ ਜਾਪਿਆ ਇਹ ਹਾਰ ਗਏ ਨੇ ਹੁਣ ਨਾ ਮੁੜ ਉਠ ਗਏ ਪਰ ਪੰਜ ਮਹੀਨਿਆਂ ਬਾਅਦ ਹੀ ਅਬਦਾਲੀ ਨੂੰ ਸੁਨੇਹਾ ਜਾਂਦਾ ਹੈ ਕਿ ਆ ਨਿਕਲ ਬਾਹਰ ਅਬਦਾਲੀਆ ਜਰਾ ਹੱਥ ਸਿੱਧੇ ਕਰੀਏ ਕਿਓਂਕਿ ਓਹ ਹੁੱਸੇ ਨਾ ਸਨ। ਪੰਜਾਬ 1699 ਤੋਂ ਲੈ ਕੇ ਜਿਓਂ ਲਗਾ ਲੋਹਾ ਖੜਕਾਓਂਣ ਅਤੇ 100 ਸਾਲ ਤਕ ਖੜਕਾਈ ਤੁਰਿਆ ਗਿਆ ਜਿੰਨਾ ਚਿਰ 1799 ਤਕ ਨਖਾਸ ਚੌਕ ਨੂੰ ਹਰ ਸਵੇਰ ਸਿਖਾਂ ਦੀ ਕਤਲਗਾਹ ਬਣਾਈ ਰੱਖਣ ਵਾਲਾ ਲਹੌਰ ਖਾਲਸੇ ਨੇ ਪੈਰਾਂ ਹੇਠ ਰੋਂਦ ਕੇ ਨਹੀ ਰਖ ਦਿਤਾ। ਯਾਦ ਰਖਣਾ ਕੌਮਾਂ ਓਹ ਨਹੀ ਮਰਦੀਆਂ ਜਿਹੜੀਆਂ ਹਾਰ ਜਾਣ ਬਲਕਿ ਓਹ ਨੇਸਤੋ-ਨਾਬੂਦ ਹੋ ਜਾਦੀਆਂ ਜਿਹੜੀਆਂ ਹੁੱਸ ਜਾਣ।

ਅਜ ਤੁਸੀਂ ਹਾਰੇ ਕਲ ਨੂੰ ਜਿਤੋਂਗੇ ਵੀ ਪਰ ਜਦ ਬੰਦਾ ਹੁੱਸ ਜਾਏ ਫਿਰ ਤਾਂ ਓਹ ਲੜਨ ਗੋਚਰਾ ਹੀ ਨਹੀ ਰਹਿੰਦਾ ਜਿਤ ਹਾਰ ਦਾ ਸਵਾਲ ਕਿਥੇ। ਪੰਜਾਬ ਹਾਰਦਾ ਤਾਂ ਰਿਹਾ ਪਰ ਹੁੱਸਿਆ ਕਦੇ ਨਹੀ, ਹਾਲੇ ਤਕ ਨਹੀ।

ਇਕ ਸਿਰ ਓਹ ਵੱਢਦੇ ਦੋ ਹੋਰ ਉਗੇ ਖੜੇ ਹੁੰਦੇ। ਇਥੇ ਫਸਲ ਘਟ ਪਰ ਸਿਰ ਛੇਤੀ ਉਗ ਖੜੋਂਦਾ ਕਿਓਂਕਿ ਇਸ ਮਿਟੀ ਦੇ ਚੱਪੇ ਚੱਪੇ ਗੈਰਤਮੰਦ ਲਹੂ ਜੀਰ ਚੁਕਾ ਹੋਇਆ। ਪੰਜਾਬ ਦਾ ਸਟੈਮਿਨਾ ਬਹੁਤ ਤਗੜਾ ਜਿਹੜਾ ਭਿੜ ਭਿੜ ਕੇ ਵੀ ਹੁੱਸਦਾ ਨਹੀ।

ਓਹ ਡੇਗਦੇ ਨੇ ਥੋੜਾ ਸਾਹ ਕਢਦਾ ਫਿਰ ਉਠ ਖੜੋਂਦਾ। ਯਾਦ ਰਖਣਾ ਮਾੜੇ ਅਤੇ ਗੁਲਾਮ ਦਾ ਲੜਨਾ ਸ਼ੌਕ ਨਹੀ ਹੁੰਦਾ ਲੜਾਈ ਉਸ ਦੇ ਗਲ ਪਾਈ ਜਾਂਦੀ ਹੈ ਤਾਂ ਕਿ ਉਸ ਦਾ ਉਠਣ ਵਾਲਾ ਸਿਰ ਕੁਚਲਿਆ ਜਾ ਸਕੇ। ਸਿਰਾਂ ਦਾ ਫਿਕਰ ਕਰਨ ਵਾਲਾ ਗੁਲਾਮ ਓਸ ਬਕਰੇ ਦੀ ਮਾਂ ਵਰਗਾ ਹੈ ਜਿਹੜੀ ਕੇਵਲ ਤੇ ਕੇਵਲ ਖੈਰ ਮਨਾ ਸਕਦੀ ਪਰ ਕਰ ਕੁਝ ਨਹੀ ਸਕਦੀ ਕਿਓਕਿ ਓਹ ਜਾਣਦੀ ਨਹੀ ਕਿ ਬਕਰੇ ਨੂੰ ਪਾਲਿਆ ਹੀ ਬਲੀ ਖਾਤਰ ਜਾਂਦਾ ਹੈ।

ਕੌਮਾਂ ਦਾ ਹਾਰ ਜਾਣਾ ਹਾਰ ਨਹੀ ਹੁੰਦੀ ਓਨਾ ਦਾ ਹੁੱਸ ਜਾਣਾ ਮਿਹਣਾ ਹੁੰਦਾ।

ਪਰ ਪੰਜਾਬ ਦਾ ਲੜਦੇ ਰਹਿਣਾ ਇਸ ਗਲ ਦਾ ਪ੍ਰਤੀਕ ਹੈ ਕਿ ਇਹ ਹਾਰ ਚਾਹੇ ਜਾਵੇ ਪਰ ਹੁੱਸਦਾ ਨਹੀ। ਹਾਲੇ ਤਕ ਤਾਂ ਹੁੱਸਿਆ ਨਹੀ।

ਅੰਗਰੇਜਾਂ ਤੋਂ ਲੈਕੇ ਹੁਣ ਤਾਈਂ ਡੇਢ ਸੌ ਸਾਲ ਤੋਂ ਉਪਰ ਤਾਂ ਗੁਲਾਮ ਹੋਇਆਂ ਨੂੰ ਹੋ ਗਏ ਪਰ ਹਾਲੇ ਤੀਕ ਲੋਹਾ ਖੜਕਾਈ ਰਖਦਾ ਕਿਤੇ ਨਾ ਕਿਤੇ ਕਿਓਂਕਿ ਇਹ ਹੁੱਸਦਾ ਨਹੀ। ਕਿ ਹੁੱਸਦਾ?

**-ਗੁਰਦੇਵ ਸਿੰਘ ਸੱਧੇਵਾਲੀਆ**


So Easy

ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- **ਆਟੋਮੈਟਿਕ** ਹਾਈਵੇ ਟਰੱਕ-ਨੋ ਗੇਅਰ ਨੋ ਕਲੱਚ
- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ

ਅਸੀਂ ਸਿਟੀਜਨ ਟੈਸਟ ਦੀ ਤਿਆਰੀ ਵੀ ਕਰਵਾਉਂਦੇ ਹਾਂ

LUCKY'S A to Z DRIVING SCHOOL
Lucky 604-614-5365
Unit 15 - 8388 128 St., Surrey



ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com





FOR ALL YOUR DENTAL NEEDS
In Cloverdale & South Surrey

CLOVERDALE VILLAGE DENTAL

Dr. Inderpreet Sandhu
BDS, DDS

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102



ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ
ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ

ਜਗਰੂਪ ਢਿੱਲੋਂ ਐਂਡ ਪਾਰਟੀ
ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:
604.401.9335
604.379.9572
778.593.9335

# ਪੰਜਾਬ ਦੀ ਲੜਾਈ ਭੁੱਖ ਜਾਂ ਧਰਮਾਂ ਦੀ ਲੜਾਈ ਨਹੀਂ

ਪੰਜਾਬ ਦੀ ਲੜਾਈ ਕੌਣ ਕਹਿੰਦਾ ਭੁਖ ਜਾਂ ਧਰਮਾਂ ਦੀ ਲੜਾਈ ਐ। ਹੱਕ ਅਤੇ ਭੁੱਖ ਇਕੋ ਗੱਲ ਕਦੇ ਨਹੀ ਹੁੰਦੀ। ਹਕ ਜਾਂ ਭੁਖ ਖਾਤਰ ਲੜਨਾ ਅਲਹਿਦਾ ਵਿਸ਼ਾ। ਪੰਜਾਬ ਦੀ ਲੜਾਈ ਹੱਕ ਤੋਂ ਸ਼ੁਰੂ ਹੋਈ ਸੀ ਨਾ ਕਿ ਭੁੱਖ ਤੋਂ। ਪਾਣੀ ਸਾਡਾ ਹੱਕ ਸੀ, ਬਿਜਲੀ ਸਾਡਾ ਹੱਕ ਸੀ, ਡੈਮ ਸਾਡੀ ਹਿੱਕ ਤੇ ਬਣਿਆ ਜਦ ਰੁੜਨਾ ਹੁੰਦਾ ਅਸੀਂ ਰੁੜਦੇ ਹਾਂ ਪਰ ਬਤੀਆਂ ਦੀਵੇ ਦਿਲੀ ਦੇ ਕਿਵੇਂ। ਦਰਿਆ ਸਾਡੀ ਹਿੱਕ ਚੀਰ ਕੇ ਵਹਿੰਦੇ ਨੇ ਤਾਂ ਹੱਕ ਸਾਡਾ ਕਿਵੇਂ ਨਾ ਹੋਇਆ। ਪਾਣੀ ਸਾਡਾ ਕਿਓਂ ਨਾ ਸੀ। ਬਾਹਰ ਜਾਦੀਆਂ ਨਹਿਰਾਂ ਦੇ ਪਾੜ ਪੰਜਾਬ ਦੀ ਹਿਕ ਕਿਵੇਂ ਨਾ ਪਾੜਨ।

ਭੁਖ ਦੀ ਲੜਾਈ, ਧਰਮਾਂ ਦੀ ਲੜਾਈ, ਹਿੰਦੂ ਸਿਖ ਜਾਂ ਮੁਸਲਮਾਨ ਦੀ ਲੜਾਈ ਕਹਿਕੇ ਪੂਰੇ ਪੰਜਾਬ ਨੂੰ ਛੁਟਾਇਆ ਜਾ ਰਿਹੈ ਅਤੇ ਇਸ ਲੜਾਈ ਨੂੰ ਸੀਮਤ ਅਤੇ ਨਿਜੀ ਜਿਹੀ ਕਰਕੇ ਅਸਲ ਗਲ ਖੂਹ ਖਾਤੇ ਪਾਈ ਜਾ ਰਹੀ।

ਮੈਂ ਦਿਲੀ ਤੋਂ ਰੋਟੀ ਨਾ ਸੀ ਮੰਗੀ ਅਪਣਾ ਹੱਕ ਮੰਗਿਆ ਸੀ ਪਰ ਓਨੀ ਟੈਂਕ ਤੋਪਾਂ ਚਾਹੜ ਲਿਆਂਦੇ। ਕਿਹੜੇ ਅੰਨ੍ਹੇ ਨੂੰ ਨਹੀ ਦਿਸਿਆ ਜੋ ਓਥੇ ਹੋਇਆ।

ਐਕਸ਼ਨ ਓਨਾ ਦਾ ਸੀ ਇੰਦਰਾ ਸਾਡਾ ਰਿਐਕਸ਼ਨ ਸੀ ਪਰ ਦਿਲੀ ਵਿਚ ਹੋਏ ਕਤਲੇਆਮ ਨੂੰ ਕਿਹੜਾ ਨਹੀ ਜਾਣਦਾ। ਇਨ੍ਹਾਂ ਹੀ ਅੰਦਰ ਦੱਬੀਆਂ ਹੋਈਆਂ ਅੱਗਾਂ ਦੀ ਲੜਾਈ ਹੈ ਸਾਡੀ ਜਿਹੜੀ ਜਦ ਮਾੜੀ ਜਿਹੀ ਕੋਈ ਹਵਾ ਵਗੇ ਤੇ ਭਬਕ ਉਠਦੀ ਕਿਓਂਕਿ ਪੰਜਾਬ ਦੇ ਲੋਕਾਂ ਵਿਚੋਂ ਹਾਲੇ ਗੈਰਤ ਮਰੀ ਨਹੀ। ਬੇਗੈਰਤਾਂ ਲਈ ਇਹ ਧਰਮਾਂ ਜਾਂ ਭੁਖਾਂ ਦੇ ਝਗੜੇ ਹੋ ਸਕਦੇ ਪਰ ਇਨਾ ਲੜਾਈਆਂ ਦੀਆਂ ਬਰੀਕ ਤੰਦਾਂ ਪੰਜਾਬ ਦੀ ਗੈਰਤ ਨਾਲ ਜੁੜੀਆਂ ਹੋਈਆਂ ਨੇ ਜਿਸ ਦੀ ਪਤ ਚੁਰਾਹੇ ਲਾਹੀ ਗਈ।

ਹਰੇਕ ਲੜਾਈ ਕੇਵਲ ਭੁਖ ਦੀ ਨਹੀ ਹੁੰਦੀ ਨਾ ਧਰਮਾ ਦੀ। ਗੁਰੂ ਨਾਨਕ ਸਾਹਿਬ ਘਰੋਂ ਭੁਖੇ ਨਾ ਸਨ ਨਾ ਓਹ ਧਾਰਮਿਕ ਕਟੜ। ਬਾਬਾ ਬੰਦਾ ਸਿੰਘ ਦਾ ਡੇਰਾ ਖੂਬ ਚਲ ਰਿਹਾ ਸੀ ਓਹ ਭੁਖਾ ਨਾ ਸੀ ਪਰ ਉਸ ਨੂੰ ਸਮਝ ਆ ਗਈ ਕਿ ਭੁਖ ਤੋਂ ਅਗਾਂਹ ਵੀ ਕੁਝ ਹੈ। ਚੌਕ ਮਹਿਤੇ ਵਾਲਾ ਡੇਰਾ ਚੰਗਾ ਭਲਾ ਚਲੀ ਜਾਂਦਾ ਸੀ ਬਾਬਾ ਜਰਨੈਲ ਸਿੰਘ ਭੁਖਾ ਨਾ ਸੀ ਪਰ ਉਸ ਦੀ ਗੈਰਤ ਨੇ ਟਿਕਣ ਨਾ ਦਿਤਾ ਉਸ ਨੂੰ ਅਤੇ ਜਾ ਤੋਪਾਂ ਅਗੇ ਹਿਕ ਡਾਹੀ। ਜਿਸ ਨੂੰ ਜਾਪਦਾ ਕਿ ਪੰਜਾਬ ਭੁਖ ਜਾਂ ਧਰਮਾ ਦੀ ਲੜਾਈ ਲੜ ਰਿਹਾ ਜਾਂ ਓਹ ਮੂਰਖ ਜਾਂ ਬੇਗੈਰਤ।

ਭੁੱਖ ਅਤੇ ਹੱਕ ਵਿਚ ਜਿੰਮੀ ਅਸਮਾਨ ਦਾ ਫਰਕ ਹੁੰਦਾ। ਪੱਲੇ ਮੁਠ ਛੋਲਿਆਂ ਦੀ ਬੱਧੀ ਘੋੜੇ ਦੀ ਕਾਠੀ ਉਪਰ ਸੌਂ ਰਿਹਾ ਸਿੰਘ ਰੱਜ ਕੇ ਘਰੇ ਰੋਟੀ ਖਾ ਸਕਦਾ ਸੀ ਪਰ ਕਿਓਂਕਿ ਉਸ ਕੋਲੋਂ ਬੇਗੈਰਤ ਨਾ ਸੀ ਹੋਇਆ ਜਾਣਾ।

ਠੰਡੇ ਬੁਰਜ ਵਿਚ ਭੁੱਖੇ ਰੱਖੇ ਦਾਦੀ ਪੋਤਿਆਂ ਲਈ ਛੱਤੀ ਪਦਾਰਥਾਂ ਦੇ ਰਸਤੇ ਖੁਲੇ ਸਨ ਪਰ ਠੋਕਰ ਮਾਰ ਕੇ ਠਰੀਆਂ ਇੱਟਾਂ ਵਿਚ ਜਾ ਖੜੇ।

ਬੰਦੇ ਵਿਚੋਂ ਜਦ ਕੌਮੀਅਤ ਮਰ ਜਾਂਦੀ ਤਾਂ ਉਸ ਉਪਰ ਬੇਗੈਰਤੀ ਦਾ ਆਲਮ ਛਾ ਜਾਂਦਾ ਓਹ ਅਪਣੇ ਲੋਕਾਂ ਦੀ ਅਣਖ ਦੀ ਲੜਾਈ ਨੂੰ ਧਰਮਾਂ ਦੀ ਲੜਾਈ ਖਾਤੇ ਪਾ ਬਰੀ ਹੋਣਾ ਚਾਹ ਰਿਹਾ ਹੁੰਦਾ ਕਿ ਮੈਂ ਬੜਾ ਲਿਬਰਲ ਹਾਂ। ਅਤੇ ਫਿਰ ਓਹ ਖੁਦ ਨੂੰ ਜਸਟੀਫਾਈ ਕਰਨ ਲਈ ਅਗਲੀ ਦੁਹਾਈ ਪਾਓਂਦਾ ਅਤੇ ਸਾਰੇ ਦੋਸ਼ ਖੁਦ ਦੇ ਲੋਕਾਂ ਸਿਰ ਮੜਨ ਲਗਦਾ। ਉਸ ਨੂੰ ਅਪਣੇ ਹੀ ਲੋਕ ਭੁੱਖੇ, ਨਸ਼ੇੜੀ, ਲਾਚਾਰ, ਬੀਮਾਰ, ਬੇਵਕੂਫ, ਡਰੇ ਹੋਏ, ਅੰਨ੍ਹੇ, ਬੋਲੇ, ਪਲੱਸਤਰ ਲਗੇ ਦਿਮਾਗਾਂ ਵਾਲੇ, ਹੰਕਾਰੀ ਜਾਪਣ ਲਗ ਜਾਂਦੇ ਨੇ। ਕਿਓਂਕਿ ਉਸ ਅੰਦਰਲਾ ਗੈਰਤਮੰਦ ਮਨੁੱਖ ਮਰ ਚੁਕਾ ਹੁੰਦਾ ਹੈ ਨਹੀ ਤਾਂ ਅਣਖ ਵਾਲਾ ਬੰਦਾ ਅਪਣੇ ਹੀ ਲੋਕਾਂ ਨੂੰ ਮੂਰਖ ਅਤੇ ਬੇਵਕੂਫ ਕਹਿਣ ਤੋਂ ਪਹਿਲਾਂ ਇਨਾ ਕਲੇਸ਼ਾਂ ਦੇ ਕਾਰਨ ਲਭਦਾ ਨਾ ਕਿ ਕੁਟਣ ਵਾਲੇ ਨੂੰ ਹੀ ਮਾਈ ਬਾਪ ਬਣਾ ਕੇ ਪੇਸ਼ ਕਰਦਾ ਜਿਵੇਂ ਪਿਛਲੇ ਸਮਿਆਂ ਵਿਚ ਅਪਗਰੇਡਾਂ ਪੰਜਾਬ ਦੇ ਆਹੂ ਲਾਹੁਣ ਵਾਲੇ ਜਰਵਾਣੇ ਕੇ ਪੀ ਗਿਲ ਨੂੰ ਬਾਪ ਤਕ ਮੰਨ ਕੇ ਕੀਤਾ ਸੀ।

ਪੰਜਾਬ ਦੀ ਲੜਾਈ ਕੋਈ ਭੁੱਖ ਵੁਖ ਜਾਂ ਧਰਮਾਂ ਦੀ

ਜਾਂ ਡਰ ਦੀ ਲੜਾਈ ਨਹੀ ਇਹ ਅਪਣੇ ਹਕਾਂ ਦੀ ਲੜਾਈ ਸੀ ਪਰ ਹਕ ਮੰਗਦਿਆਂ ਜਦ ਅਗਲਿਆਂ ਤੁਹਾਡੀ ਪਗ ਨੂੰ ਹੀ ਆਣ ਹਥ ਪਾਇਆ ਤਾਂ ਇਹ ਸਵੈਮਾਣ ਦੀ, ਅਣਖ ਦੀ ਲੜਾਈ ਬਣਨੀ ਹੀ ਸੀ ਜਿਹੜੀ ਕਦੇ ਵੀ ਸਿਰ ਚੁਕ ਖੜੋਂਦੀ ਕਿਓਂਕਿ ਪੰਜਾਬ ਵਿਚੋਂ ਹਾਲੇ ਗੈਰਤ ਮਰੀ ਨਹੀ।

**-ਗੁਰਦੇਵ ਸਿੰਘ ਸੱਧੇਵਾਲੀਆ**

# ਸਮੇਂ ਦੀ ਧੂੜ

ਅਣਸੁਲਝਿਆਂ ਕੇਸਾਂ ਦੀਆਂ ਫਾਈਲਾਂ ਤਰਾਂ ਹੁੰਦੇ ਗੁਲਾਮਾਂ ਦੇ ਇਤਿਹਾਸ ਅਤੇ ਓਨਾ ਦੀਆਂ ਇਤਿਹਾਸਕ ਨਿਸ਼ਾਨੀਆਂ ਜਿੰਨਾ ਨੂੰ ਸਮੇ ਦੀ ਧੂੜ ਦਬ ਲੈਂਦੀ ਅਤੇ ਬੇਪਛਾਣ ਹੋਈਆਂ ਓਹ ਫਾਈਲਾਂ ਦੁਬਾਰਾ ਖੁਲਣ ਦਾ ਰਾਹ ਤਕਦੀਆਂ ਦਮ ਤੋੜ ਜਾਦੀਆਂ। ਤਰਨਤਾਰਨ ਸਾਹਬ ਗੁਰਦੁਆਰੇ ਜਦ ਨਮਸਤਕ ਹੋਣ ਗਏ ਤਾਂ ਪਓੜੀਆਂ ਉਤਰਦਿਆਂ ਹੀ ਬਰਛੇ ਵਰਗਾ ਹੌਕਾ ਹਿੱਕ ਵਿੱਚ ਗੱਡਿਆ ਗਿਆ ਜਦ ਦਰਸ਼ਨੀ ਡਿਓੜੀ ਦਾ ਟੁਟਾ ਅਤੇ ਫਿਸਿਆ ਹੋਇਆ ਸਿਰ ਅਖਾਂ ਸਾਹਵੇਂ ਆਇਆ ਜਿਸ ਦੀ ਹਾਲੇ ਕੋਈ ਮੁਰੰਮਤ ਨਾ ਸੀ ਹੋਈ ਅਤੇ ਸ਼ਾਇਦ ਕਿਸੇ ਅਗਲੇ ਜਰਵਾਣੇ ਦੀ ਓਡੀਕ ਕਰਦੀ ਰਹਿਣ ਲਈ ਛਡ ਦਿਤੀ ਗਈ ਹੋਵੇ। ਅੰਮ੍ਰਿਤਸਰ ਦਾ ਰਾਮ ਬਾਗ ਲੋਕਾਂ ਦੇ ਚੇਤਿਆਂ ਦੀ ਧੂੜ ਵਿਚ ਦਮ ਤੋੜ ਚੁਕਾ ਹੋਇਆ ਜਿਹੜਾ ਕਦੇ 100 ਕੀਲੇ ਵਿਚ ਫੈਲਿਆ ਹੋਇਆ ਸੀ ਜਿਥੇ ਮਹਾਰਾਜਾ ਰਣਜੀਤ ਸਿੰਘ ਦੀ ਜਰਨੈਲੀ ਹੇਠ ਸ਼ਾਹੀ ਫੌਜਾਂ ਉਤਰਿਆ ਕਰਦੀਆਂ ਸਨ।

ਰਾਮ ਬਾਗ, ਰਾਣੀ ਬਾਗ, ਕੰਪਨੀ ਬਾਗ, ਗੋਲ ਬਾਗ, ਜਲਿਆਂ ਵਾਲਾ ਬਾਗ ਯਾਣੀ ਬਾਗਾਂ ਦਾ ਸ਼ਹਿਰ।

ਕੰਪਨੀ ਬਾਗ ਮਹਾਰਾਜਾ ਰਣਜੀਤ ਸਿੰਘ ਦੇ ਰਾਮ ਬਾਗ ਦਾ ਹਿਸਾ ਸੀ ਜਿਥੇ ਅੰਗਰੇਜਾਂ ਉਸ ਨੂੰ ਅਪਣਾ ਨਾਂ ਦੇ ਲਿਆ ਅਤੇ ਹਿੰਦੂ ਨੇ ਅਪਣੇ ਰਾਜ ਵਿਚ ਗਾਂਧੀ ਦਾ ਬੁਤ ਲਿਆ ਖੜਾ ਕੀਤਾ। ਖਾਲਸਾ ਰਾਜ ਦੀ ਸ਼ਾਨ ਰਹੇ ਰਾਮ ਬਾਗ ਬਾਰੇ ਲੋਕ ਕੇਵਲ ਕੁਝ ਖਾਸ ਤਰਾਂ ਦਾ ਸਮਾਨ ਮਿਲਣ ਤੋਂ ਬਿਨਾਂ ਕਖ ਨਹੀ ਜਾਣਦੇ ਪਰ ਜਲਿਆਂ ਵਾਲੇ ਬਾਗ ਨੂੰ ਸਾਰੇ। ਪਰ ਪਤਾ ਕਿਓਂ?ਨਾ ਨਾ! ਓਥੇ ਹੋਏ ਕਤਲੇਆਮ ਕਰਕੇ ਨਹੀ ਕਿਓਂਕਿ ਉਸ ਦਾ ਸਬੰਧ ਬਾਦਸ਼ਾਹੀ ਨਾਲ ਹੈ ਨਹੀ ਤਾਂ ਓਦੋਂ ਕਿਤੇ ਜਿਆਦਾ ਗੋਲੀਆਂ ਦੇ ਨਿਸ਼ਾਨ ਤਾਂ ਪਰ੍ਹੇ ਨਾਲ ਦੀਆਂ ਕੰਧਾਂ ਤੇ ਸਨ ਚੁਰਾਸੀ ਵੇਲੇ। ਗੋਲੀਆਂ ਹੀ ਕਾਹਨੂੰ ਤੋਪਾਂ ਦੇ ਗੋਲਿਆਂ ਦੇ ਮਘੋਰੇ ਅਤੇ ਕਤਲੇਆਮ?ਪਰ ਮੇਰੀਆਂ ਓਹ ਫਾਈਲਾਂ ਸਮੇ ਦੀ ਧੂੜ ਹੇਠ ਦਬ ਗਈਆਂ ਹੋਈਆਂ ਅਤੇ ਮੈਨੂੰ ਮੇਰੇ ਹੀ ਨਿਆਣਿਆਂ ਨੂੰ ਜੋਰ ਲਾ ਕੇ ਦਸਣਾ ਪੈਂਦਾ ਕਿ ਕਿਤੇ ਇਥੇ ਹੀ ਓਹ ਨਿਸ਼ਾਨ ਵੀ ਨੇ ਜਿਹੜੇ ਕੰਧਾਂ ਤੇ ਨਹੀ ਮੇਰੀ ਹਿੱਕ ਵਿਚ ਉਕਰੇ ਪਏ ਨੇ। ਰਾਮ ਬਾਗ ਦੀ ਭੀੜ ਵਿਚ ਮੈਂ ਉਸ ਦਰਵਾਜੇ ਦਾ ਕੁੰਡਾ ਖੜਕਾ ਕੇ ਦੇਖਿਆ ਕਿ ਸ਼ਾਇਦ ਮਹਾਰਾਜੇ ਦਾ ਕੋਈ ਅਰਦਲੀ ਖੋਹਲ ਦਏ ਅਤੇ ਮੈਂ ਅੰਦਰ ਵੜਕੇ ਅਪਣੀ ਬਾਦਸ਼ਾਹੀ ਦੇ ਨਿਸ਼ਾਨ ਦੇਖ ਸਕਾਂ ਪਰ ਉਸ ਇਮਾਰਤ ਦੇ ਜੰਗਾਲੇ ਜੰਦਿਆਂ ਨੂੰ ਕੋਈ ਖੋਹਲਣ ਵਾਲਾ ਬਚਿਆ ਹੋਵੇ ਮੈਨੂੰ ਨਹੀ ਦਿਸਿਆ ਕਿਓਂਕਿ ਮੇਰੀਆਂ ਅਣਸੁਲਝੀਆਂ ਫਾਈਲਾਂ ਬੰਦ ਹੋ ਚੁਕੀਆਂ ਸਨ।

ਕੰਪਨੀ ਬਾਗ ਵਿਚ ਫਿਰਦਿਆਂ ਓਥੇ ਦੀਆਂ ਪੁਰਾਣੀਆਂ ਇਮਾਰਤਾਂ ਦੇਖ ਕੇ ਹਾਲੇ ਹਓਕਾ ਜਿਹਾ ਲੈਣ ਗੋਚਰਾ ਕੁਝ ਲਭ ਪੈਂਦਾ ਹੈ ਜਿਥੇ ਨਾਨਕਸ਼ਾਹੀ ਇੱਟਾਂ ਦੀਆਂ ਬਾਰਾਂ ਦਰੀਆਂ ਜਾਂ ਕੁਝ ਹੋਰ ਪੁਰਾਣੀਆਂ ਈਮਾਰਤਾਂ ਦੀ ਦਿਖ ਕਾਰਸੇਵੀ ਜਰਵਾਣਿਆਂ ਦੇ ਹਥੋੜੇ ਤੋਂ ਬਚ ਨਿਕਲੀਆਂ ਹਨ। ਨਹੀ ਤਾਂ ਬਚਣ ਗੋਚਰਾ ਬਾਹਲਾ ਛਡਿਆ ਨਹੀ ਇਨਾ ਬੇਈਮਾਨੀ ਅਤੇ ਸਮੇਤ ਇਤਿਹਾਸ ਅਤੇ ਇਤਿਹਾਸਕ ਨਿਸ਼ਾਨੀਆਂ ਅਣਸੁਲਝੇ ਕੇਸਾਂ ਦੀਆਂ ਫਾਈਲਾਂ ਤਰਾਂ ਸੰਗਮਰਮਰਾਂ ਦੇ ਪਥਰਾਂ ਹੇਠ ਦਫਨਾ ਦਿਤੀਆਂ ਗਈਆਂ ਹਨ ਜੀਹਨਾ ਨੂੰ ਸਮੇ ਦੀ ਧੂੜ ਨੇ ਅਪਣੀ ਬੁੱਕਲ ਵਿਚ ਲੈ ਕੇ ਖਤਮ ਕਰ ਦਿਤਾ ਹੋਇਆ। -ਗੁਰਦੇਵ ਸਿੰਘ ਸੱਧੇਵਾਲੀਆ

# ਅਕਾਲੀ ਦਲ ਨੇ ਬੀਬੀ ਜਗੀਰ ਕੌਰ ਨੂੰ ਪਾਰਟੀ 'ਚੋਂ ਕੱਢਿਆ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ  ਬੀਬੀ ਜਗੀਰ ਕੌਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ 'ਚ ਸ਼ਾਮਿਲ ਹੋਣ ਕਾਰਨ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰ ਦਿੱਤਾ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਲਈ ਸਾਜ਼ਿਸ਼ ਦਾ ਹਿੱਸਾ ਬਣੇ ਹੋਏ ਹਨ। ਇਹ ਐਲਾਨ ਕਰਦਿਆਂ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਬੀਬੀ ਜਗੀਰ ਕੌਰ ਖਿਲਾਫ ਇਹ ਕਾਰਵਾਈ ਸਾਰੇ ਬਦਲ ਵਰਤਣ ਤੋਂ ਬਾਅਦ ਕੀਤੀ ਗਈ ਹੈ। ਪਾਰਟੀ ਨੇ ਉਨ੍ਹਾਂ ਨੂੰ ਅੱਜ ਨਿੱਜੀ ਤੌਰ 'ਤੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦਾ ਮੌਕਾ ਵੀ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਵਲੋਂ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਪੰਥਕ ਏਕਤਾ ਕਾਇਮ ਰੱਖਣ ਲਈ ਹਮੇਸ਼ਾ ਪ੍ਰਧਾਨ ਦੇ ਅਹੁਦੇ ਲਈ ਇਕ ਨਾਂਅ ਦਿੱਤਾ ਹੈ, ਪਰ ਪਤਾ ਨਹੀਂ ਕਿਉਂ ਬੀਬੀ ਜਗੀਰ ਕੌਰ ਇਸ ਨਿਯਮ ਨੂੰ ਬਦਲਣਾ ਚਾਹੁੰਦੇ ਸਨ ਤੇ ਸਿੱਖ ਕੌਮ 'ਚ ਦੁਬਿਧਾ ਪੈਦਾ ਕਰਨੀ ਚਾਹੁੰਦੇ ਸਨ, ਜਿਸ ਦਾ ਫਾਇਦਾ ਸਿਰਫ ਪੰਥ ਵਿਰੋਧੀ ਤਾਕਤਾਂ ਨੂੰ ਹੀ ਮਿਲਣਾ ਸੀ।


Rai
EXPRESS LINES LTD.

Hiring

Team Owner Operators

- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit

Karnail Singh Rai
President

Call today 604-503-6900

Email-kal@raiexpresslines.com www. raiexpressline.com

Unit 125-7475 135th Street, BC V3W 0M8

THE GRAND TAJ
BANQUET HALL

Khalsa Business Centre, 84th Ave. & 128th St., Surrey

CATERING SERVICE & MUSIC ARRANGEMENT

Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ

604-599-4342

Fax: 604-599-4818
Email: grandtaj@grandtaj.com
www.grandtaj.com

Our Facilities Are Perfect For:

WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ

# ਹਾਜ਼ਮੇ ਸੰਬੰਧੀ ਰੋਗ ਅਤੇ ਹੋਮਿਓਪੈਥੀ

ਜਿਗਰ ਜਾਂ ਲਿਵਰ ਸਾਡੇ ਸਰੀਰ ਵਿੱਚ ਸਭ ਤੋਂ ਵੱਡੀ ਗ੍ਰੰਥੀ ਹੈ ਅਤੇ ਜਿਗਰ ਇੱਕ ਪ੍ਰਮੁੱਖ ਰਸਾਇਣ ਫ਼ੈਕਟਰੀ ਵਾਂਗ ਕੰਮ ਕਰਦਾ ਹੈ। ਇਹ ਪੇਟ ਦੇ ਉੱਪਰਲੇ ਪਾਸੇ ਸੱਜੇ ਭਾਗ ਵਿੱਚ ਡਾਇਆਫ਼ਰਾਮ ਦੇ ਹੇਠਾ ਹੁੰਦਾ ਹੈ ਅਤੇ ਇਸ ਦਾ ਪ੍ਰਮੁੱਖ ਹਿੱਸਾ ਪਸਲੀਆਂ ਨਾਲ ਢਕਿਆ ਰਹਿੰਦਾ ਹੈ। ਜਿਗਰ ਵੇਖਣ ਵਿੱਚ ਨਰਮ ਅਤੇ ਭੂਰੇ ਲਾਲ ਰੰਗ ਦੀ ਗ੍ਰੰਥੀ ਹੈ। ਇਸ ਦੀ ਅਹਿਮੀਅਤ ਇਹ ਹੈ ਕਿ ਸਾਡੇ ਸਰੀਰ ਵਹਿੰਦੇ ਖ਼ੂਨ ਦਾ ਤਕਰੀਬਨ ਚੌਥਾ ਹਿੱਸਾ ਹਮੇਸ਼ਾ ਜਿਗਰ ਵਿੱਚ ਜਮ੍ਹਾਂ ਰਹਿੰਦਾ ਹੈ। ਪਾਚਨ ਕਿਰਿਆ ਵਿੱਚ ਜਿਗਰ ਦਾ ਮਹੱਤਵਪੂਰਣ ਯੋਗਦਾਨ ਹੈ। ਮੂੰਹ, ਗਰਾਸ-ਨਲ਼ੀ, ਮਹਿਦੇ ਅਤੇ ਛੋਟੀ ਅੰਤੜੀਆਂ ਰਾਹੀਂ ਭੋਜਨ ਹਜ਼ਮ ਕਰਨ ਦਾ ਕੰਮ ਜਿਗਰ ਦੇ ਯੋਗਦਾਨ ਬਿਨਾਂ ਸੰਪੂਰਨ ਨਹੀਂ ਹੁੰਦਾ। ਖਾਧੇ ਹੋਏ ਭੋਜਨ ਵਿੱਚੋਂ ਮਿਲੀ ਤਾਕਤ ਦਾ ਪ੍ਰਤੀਬਿੰਬ ਜਿਗਰ ਦੀ ਪ੍ਰਕ੍ਰਿਆ ਨਾਲ ਹੀ ਮਿਲਦਾ ਹੈ। ਪਾਚਨ ਕ੍ਰਿਆ ਵਿੱਚ ਯੋਗਦਾਨ ਦੇਣ ਤੋਂ ਇਲਾਵਾ ਜਿਗਰ ਖ਼ੂਨ ਪ੍ਰਵਾਹ ਵਿੱਚ ਪ੍ਰਗਟ ਹੋਣ ਵਾਲੇ ਹਾਨੀਕਾਰਕ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ। ਇਸ ਤੋਂ ਇਲਾਵਾ ਇਹ ਖ਼ੂਨ ਦੇ ਲਾਲ ਕਣਾਂ ਦੇ ਨਿਰਮਾਣ ਅਤੇ ਵਿਕਾਸ ਵਿੱਚ ਵੀ ਸਹਾਇਤਾ ਕਰਦਾ ਹੈ। ਜਿਗਰ ਦੀ ਕਮਜ਼ੋਰੀ ਕਾਰਣ ਮਾਨਸਿਕ ਅਸੰਤੁਲਨ, ਯਾਦ-ਸ਼ਕਤੀ ਘਟਣੀ, ਦਾੜ੍ਹੀ-ਮੁੱਛਾਂ ਦੇ ਵਾਲ਼ ਝੜਨੇ, ਜਿਗਰ ਦਾ ਕੈਂਸਰ ਅਤੇ ਪੇਟ ਫੁੱਲਣਾ ਆਦਿ ਜਿਹੇ ਰੋਗ ਹੋ ਜਾਂਦੇ ਹਨ। ਜਿਗਰ ਵਿੱਚ ਆਏ ਵਿਗਾੜਾਂ ਕਾਰਣ ਪੈਰਾਂ ਵਿੱਚ ਸੋਜਸ਼, ਸਰੀਰ ਵਿੱਚ ਖ਼ੂਨ ਦੀ ਕਮੀ, ਥੋੜ੍ਹੀ ਮਿਹਨਤ ਕਰਨ ਨਾਲ ਸਾਹ ਫੁੱਲਣਾ, ਹਿਚਕੀ, ਮੂੰਹ ਵਿੱਚ ਪਾਣੀ ਭਰ ਆਉਣਾ ਆਦਿ ਹੋ ਸਕਦੇ ਹਨ।

ਪੇਟ ਵਿੱਚ ਜਲਣ, ਖੱਟੇ ਡਕਾਰ, ਪੇਟ ਗੁਬਾਰੇ ਵਾਂਗ ਤਣ ਜਾਣਾ, ਪੇਟ ਵਿੱਚ ਹਵਾ ਜਾਂ ਹਵਾ ਦਾ ਗੋਲ਼ਾ ਘੁੰਮੀ ਜਾਣਾ, ਗੁੜ-ਗੁੜ ਦੀ ਆਵਾਜ਼ ਆਉਣੀ, ਪਿੜ-ਪਿੜ ਦੀ ਆਵਾਜ਼ ਨਾਲ ਹਵਾ ਦਾ ਸਰਨਾ, ਸਿੱਧੇ ਪੈਣ 'ਤੇ ਖਾਧਾ-ਪੀਤਾ ਉੱਪਰ ਨੂੰ ਆਉਣਾ, ਜੀਅ ਕੱਚਾ ਹੋਣਾ (ਅਵੱਤ), ਪੇਟ ਵਿੱਚ ਜ਼ਹਿਰਬਾਦ ਬਣ ਜਾਣਾ ਆਦਿ, ਪਾਚਨ ਕ੍ਰਿਆ ਦੀ ਗੜਬੜੀ ਦਾ ਸੰਕੇਤ ਹੈ। ਇਸ ਤਰ੍ਹਾਂ ਦੇ ਕਸ਼ਟਦਾਈ ਲੱਛਣਾਂ ਨਾਲ ਪੀੜਤ ਵਿਅਕਤੀ ਬੇਚੈਨ ਅਤੇ ਬੇਹਾਲ ਹੋ ਉੱਠਦਾ ਹੈ, ਉਸ ਦਾ ਠੰਢੀਆਂ ਚੀਜ਼ਾਂ ਖਾਣ-ਪੀਣ ਨੂੰ ਜੀਅ ਕਰਦਾ ਹੈ, ਜਿਨ੍ਹਾਂ ਵਿੱਚ ਠੰਢਾ-ਠਾਰ ਪਾਣੀ, ਠੰਢਾ ਦੁੱਧ, ਆਈਸ-ਕ੍ਰੀਮ ਅਤੇ ਬਰਫ਼ ਚਬਣ ਦਾ ਮਨ ਕਰਨਾ ਸ਼ਾਮਲ ਹੈ।

ਕਸਰਤ ਦੀ ਘਾਟ, ਤਲ਼ੇ ਹੋਏ ਅਤੇ ਮਿਰਚ-ਮਸਾਲਿਆਂ ਵਾਲੇ ਭੋਜਨ ਦਾ ਸੇਵਨ, ਸ਼ਰਾਬ, ਡਰੱਗਜ਼ ਅਤੇ ਦਵਾਈਆਂ ਦੀ ਲੋੜ ਨਾਲੋਂ ਵੱਧ ਵਰਤੋਂ, ਮਨ ਦੇ ਡਰ ਅਤੇ ਚਿੰਤਾਵਾਂ, ਕਾਰੋਬਾਰ ਵਿੱਚ ਘਾਟਾ ਜਾਂ ਆਪਸੀ ਰਿਸ਼ਤਿਆਂ ਦੀ ਤਰੇੜ ਕਾਰਣ ਉਪਜੇ ਮਾਨਸਿਕ ਤਣਾਅ ਕਾਰਣ ਪੇਟ ਦੀ ਗੜਬੜੀ ਦੇ ਲੱਛਣਾਂ ਉਤਪੰਨ ਹੋ ਸਕਦੇ ਹਨ। ਜਿਗਰ ਅਤੇ ਪਾਚਨ ਪ੍ਰਣਾਲੀ ਨਾਲ ਸੰਬੰਧਤ ਹੋਰਨਾ ਰੋਗਾਂ ਤੋਂ ਬਚਣ ਲਈਇਹ ਜ਼ਰੂਰੀ ਹੈ ਕਿ ਭੋਜਨ ਦੀਆਂ ਉਨ੍ਹਾਂ ਤਰੁਟੀਆਂ ਨੂੰ ਦੂਰ ਕੀਤਾ ਜਾਵੇ ਜੋ ਇਸ ਦਾ ਕਾਰਣ

**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

